# ਪੂਰਨ ਸਿੱਖ

## ਕ੍ਰਿਤ ਗਿਆਨੀ ਸੰਤ ਸਿੰਘ ਜੀ ‘ਮਸਕੀਨ’
## ਦੁਰਲੱਭ ਦੀਵਾਨ ਲੈਕਚਰ (ਕੁਵੈਤ)


**ਸੰਗ੍ਰਹਿ ਕਰਤਾ :-ਹਰਜਿੰਦਰ ਸਿੰਘ ਬਸਿਆਲਾ**

**Chief Editor: www.punjabiherald.co.nz**
**Media Advisor of: www.gurbanifm.com**

**e-mail : hsbasiala25@gmail.com, hsbasiala25@yahoo.com**



GURBANI LISTEN FM
24HRS INTERNET RADIO


## ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਸਮਰਪਿਤ

## ਦੋ ਸ਼ਬਦ

*ਗਿਆਨੀ ਸੰਤ ਸਿੰਘ ਜੀ ਮਸਕੀਨ ਨੂੰ ਹਰ ਰੋਜ਼ ਸੁਨਣਾ ਬਹੁਤੀਆਂ ਸਿੱਖ ਸੰਗਤਾਂ ਦਾ ਨਿਤਨੇਮ ਵਾਂਗ ਹੋ ਗਿਆ ਹੈ। ਅੱਜ ਦੇ ਆਧੁਨਿਕ ਯੁੱਗ ਵਿਚ ਮਸਕੀਨ ਜੀ ਵੱਲੋਂ ਕੀਤੇ ਪ੍ਰਵਚਨ ਸੰਗਤਾਂ ਨੇ ਵੱਖ-ਵੱਖ ਤਰੀਕਿਆਂ ਜਿਵੇਂ ਆਡੀਓ. ਸੀ. ਡੀ. ਵੀ. ਸੀ. ਡੀ ਅਤੇ ਡੀ. ਵੀ. ਡੀ ਰਾਹੀਂ ਸਾਂਭ ਲਏ ਹਨ। ਪਰ ਇਕ ਜ਼ਮਾਨਾ ਸੀ ਜਦੋਂ ਸਿਰ.ਫ ਟੇਪ-ਰਿਕਾਰਡਰ ਹੀ ਹੋਇਆ ਕਰਦੇ ਸਨ। 1980-90 ਦੇ ਦਹਾਕੇ ਵਿਚ ਮਸਕੀਨ ਜੀ ਜਦੋਂ ਅਰਬ ਦੇਸ਼ਾਂ ਵਿਚ ਗਏ ਤਾਂ ਉੱਥੋਂ ਲਾਈਵ ਰਿਕਾਰਡਿੰਗ ਦੀਆਂ ਕੁਝ ਟੇਪਾਂ ਪਿੰਡ ਬਸਿਆਲਾ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਰ ਦੇ ਸ. ਦਿਲਬਾਗ ਸਿੰਘ ਜੀ ਬਾਹਰੋਂ ਲੈ ਕੇ ਆਏ। ਦਾਸ ਨੂੰ ਵੀ ਇਹ ਸੁਨਣ ਦਾ ਮੌਕਾ ਮਿਲਿਆ ਅਤੇ ਦਾਸ ਨੇ ਇਨ੍ਹਾਂ ਟੇਪਾਂ ਦੇ ਵਿਚ ਬੰਦ ਬਚਨਾਂ ਦੇ ਖਜ਼ਾਨੇ ਨੂੰ ਸੁਣ-ਸੁਣ ਕੇ ਇਕ ਸਾਧਾਰਨ ਕਾਪੀ ਉੱਤੇ ਸੰਨ 1992 ਵਿਚ ਲਿਖਤ ਰੂਪ ਵਿਚ ਸੰਗ੍ਰਹਿ ਕਰ ਲਿਆ। ਇਸ ਖਜ਼ਾਨੇ ਨੂੰ ਦਾਸ ਨੇ ਆਪਣੇ ਕੋਲ ਸਾਂਭ ਰੱਖਿਆ ਸੀ। ਦਾਸ ਦੀ ਇੱਛਾ ਹੋਈ ਕਿ ਕਿਉਂਨਾ ਇਸ ਨੂੰ ਇਕ ਕਿਤਾਬਚੇ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾ ਕੇ ਸੰਗਤਾਂ ਵਿਚ ਵੰਡਿਆ ਜਾਵੇ। ਸੋ ਛੋਟਾ ਜਿਹਾ ਉਪਰਾਲਾ ਕੀਤਾ ਹੈ। ਇੰਟਰਨੈੱਟ ਅੱਜ ਦੁਨੀਆ ਨਾਲ ਜੁੜਨ ਦਾ ਇਕ ਸਭ ਤੋਂ ਬਿਹਤਰ ਸਾਧਨ ਹੈ। ਦਾਸ ਗੁਰਬਾਣੀ ਐ.ਫ. ਐਮ. ਵੈੱਬ ਸਾਈਟ* **(www.gurbanifm.com)** *ਦਾ ਮੀਡੀਆ ਸਲਾਹਕਾਰ ਹੈ ਅਤੇ ਇਸ ਸਾਈਟ ਉੱਤੇ ਇਸ ਕਿਤਾਬਚੇ ਨੂੰ ਅਪਲੋਡ ਕਰਕੇ ਖੁਸ਼ੀ ਪ੍ਰਾਪਤ ਕਰ ਰਿਹਾ ਹੈ।*

***--ਦਾਸ : ਹਰਜਿੰਦਰ ਸਿੰਘ ਬਸਿਆਲਾ***

**0064 21025 39830**


www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

# ਸਤਿਨਾਮੁ - ਵਾਹਿਗੁਰੂ

### ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦ ॥

ਮਨੁੱਖ ਦੇ ਅਚੇਤਨ ਮਨ ਵਿਚ ਪੂਰਨ ਹੋਣ ਦੀ ਬੜੀ ਪ੍ਰਬਲ ਪਿਆਸ ਹੈ, ਹਰ ਵਖਤ ਮਨੁੱਖ ਦੇ ਪ੍ਰਾਣਾਂ ਵਿਚ ਇਹ ਖਿਆਲ ਬਣਿਆ ਰਹਿੰਦਾ ਹੈ - ਮੈਂ ਅਧੂਰਾ ਹਾਂ, ਮੈਂ ਇਸ ਕੰਮ ਵਿਚ ਅਧੂਰਾ ਹਾਂ, ਮੈਂ ਉਸ ਮਾਹੌਲ ਵਿਚ ਅਧੂਰਾ ਹਾਂ। ਪੂਰਨ ਹੋਣ ਦੀ ਪਿਆਸ ਹਰ ਪਲ, ਹਰ ਦਿਨ ਉਜਾਗਰ ਹੁੰਦੀ ਰਹਿੰਦੀ ਹੈ। ਦਰਅਸਲ ਅਸੀਂ ਦੇਖਦੇ ਹਾਂ ਜੋ ਚੀਜ਼ਾਂ, ਜੋ ਵਸਤੂਆਂ ਜਾਂ ਜੋ ਹਸਤੀਆਂ ਸਾਨੂੰ ਪ੍ਰਭਾਵਿਤ ਕਰਦੀਆਂ ਹਨ ਉਹ ਪੂਰਨ ਹੁੰਦੀਆਂ ਹਨ, ਅਧੂਰੀ ਚੀਜ਼ ਤੋਂ ਮਨੁੱਖ ਪ੍ਰਭਾਵਿਤ ਨਹੀਂ ਹੁੰਦਾ, ਅਧੂਰੀ ਸੰਗੀਤ ਦੀ ਧੁਨ ਚੰਗੀ ਨਹੀਂ ਲਗਦੀ, ਅਧੂਰੀ ਕਵਿਤਾ ਚੰਗੀ ਨਹੀਂ ਲੱਗਦੀ, ਅਧੂਰਾ ਬਣਿਆ ਹੋਇਆ ਮਕਾਨ ਜਿਸ ਦੀਆਂ ਦੀਵਾਰਾਂ ਖੜ੍ਹੀਆਂ ਹਨ, ਛੱਤ ਨਹੀਂ ਹੈ, ਉਹ ਕਾਬਲੇ ਰਿਹਾਇਸ਼ ਨਹੀਂ ਹੈ। ਜਿਥੇ ਅਧੂਰਾ ਮਕਾਨ, ਅਧੂਰੀ ਸੰਗੀਤ ਦੀ ਧੁਨ, ਅਧੂਰੀ ਕਵਿਤਾ, ਅਧੂਰਾ ਚਿੱਤਰ, ਅਪੂਰਨ ਬਣਾਇਆ ਹੋਇਆ ਚਿੱਤਰ ਚੰਗਾ ਨਹੀਂ ਲਗਦਾ। ਉਥੇ ਅਧੂਰਾ ਮਨੁੱਖ ਵੀ ਚੰਗਾ ਨਹੀਂ ਲੱਗਦਾ, ਮਨੁੱਖ ਦਾ ਸੰਪੂਰਨ ਹੋਣਾ ਬੜਾ ਲਾਜ਼ਮੀ ਹੈ। ਬਦ-ਕਿਸਮਤੀ ਇਹ ਹੈ ਕਿ ਜਿਸ ਵਕਤ ਬੰਦਾ ਮਰ ਜਾਂਦਾ ਹੈ ਤਾਂ ਲੋਕੀ ਕਹਿੰਦੇ ਨੇ ਕਿ ਇਹ ਪੂਰਾ ਹੋ ਗਿਆ। ਇਹ ਜੰਮਿਆ ਅਧੂਰਾ, ਜੀਵਿਆ ਅਧੂਰਾ, ਇਹ ਮਰ ਕੇ ਕਿਸ ਤਰ੍ਹਾਂ ਪੂਰਾ ਹੋ ਗਿਆ। ਮਰੇ ਹੋਏ ਮਨੁੱਖ ਨੂੰ ਕਹਿ ਦੇਣਾ ਕਿ ਇਹ ਪੂਰਾ ਹੋ ਗਿਆ। ਅਚੇਤਨ ਮਨ ਵਿਚ ਇਹ ਗੱਲ ਸੁਭਾਵਿਕ ਹੀ ਨਿਕਲ ਆਉਂਦੀ ਹੈ ਕਿ ਮਨੁੱਖ ਪੂਰਨ ਹੋਣ ਵਾਸਤੇ ਆਇਆ ਹੈ, ਇਹ ਗੱਲ ਵੱਖਰੀ ਹੈ ਕਿ ਮਰੇ ਹੋਏ ਨੂੰ ਅਸੀਂ ਕਹਿ ਦਿੰਦੇ ਹਾਂ ਪੂਰਾ ਹੋਇਆ, ਜਦ ਕਿ ਮੌਤ ਨਾਲ ਕੋਈ ਪੂਰਾ ਨਹੀਂ ਹੁੰਦਾ। ਜੋ ਸਹੀ ਢੰਗ ਨਾਲ ਜੀਵਿਆ ਤੇ ਜੀਵਨ ਵਿਚ ਪੂਰਾ ਨਹੀਂ ਹੋਇਆ ਉਹ ਮਰ ਕੇ ਕਦੀ ਵੀ ਪੂਰਾ ਨਹੀਂ ਹੁੰਦਾ। ਉਹ ਅਧੂਰਾ ਮਰਿਆ, ਅਧੂਰਾ ਜੀਵਿਆ, ਇਤਨੀ ਗੱਲ ਸਪੱਸ਼ਟ ਹੈ ਕਿ ਮਨੁੱਖ ਪੂਰਨ ਹੋਣ ਦੀ ਬੜੀ ਪ੍ਰਬਲ ਪਿਆਸ ਆਪਣੇ ਅੰਦਰ ਰੱਖਦਾ ਹੈ।



(1) ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਦ ਮਨੁੱਖਤਾ 'ਤੇ ਝਾਤ ਮਾਰੀ ਤਾਂ ਦੇਖਿਆ ਮਨੁੱਖ ਅਧੂਰਾ ਹੈ, ਔਰ ਅਧੂਰਾ ਹੈ ਇਸੇ ਵਾਸਤੇ ਦੁਖੀ ਹੈ, ਬੇਚੈਨ ਹੈ, ਪ੍ਰੇਸ਼ਾਨ ਹੈ, ਗੁਰੂ ਨਾਨਕ ਦੇ ਇਹ ਵਚਨ ਤਾਂ ਸੰਸਾਰ ਪ੍ਰਸਿੱਧ ਹੋ ਗਏ ਕਿ 'ਬਾਲੀ ਰੋਵੈ ਬਹਿ ਭਤਾਰ॥' ਨਾਨਕ ਦੁਖੀਆ ਸਭ ਸੰਸਾਰ॥ ਅਸੀਂ ਗੌਰ ਨਾਲ ਦੇਖਦੇ ਹਾਂ ਕਿ ਨਿਰਧਨ ਦਾ ਦੁਖੀ ਹੋਣਾ ਕੁਦਰਤੀ ਗੱਲ ਹੈ, ਪਰ ਧਨਵਾਨ ਵੀ ਦੁਖੀ ਹੈ। ਨਿਰਗੁਣ ਦਾ ਦੁਖੀ ਹੋਣਾ ਸੁਭਾਵਿਕ ਹੈ, ਪਰ ਬੜੇ ਤੋਂ ਬੜਾ ਗੁਣਵਾਨ ਵੀ ਦੁਖੀ ਹੈ, ਬਿਮਾਰ ਤਾਂ ਦੁਖੀ ਹੈ ਪਰ ਤੰਦਰੁਸਤ ਵੀ ਦੁਖੀ ਹੈ। ਯਾਨੀ ਕਿ ਦੁੱਖ ਨੇ ਮਨੁੱਖ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਹੋਇਆ ਹੈ। ਦੁੱਖ ਦੀ ਲਪੇਟ ਵਿਚ ਰੋਜ਼-ਬ-ਰੋਜ਼ ਧਸਦਾ ਹੀ ਜਾ ਰਿਹਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ, ਦੁੱਖ ਦਾ ਜਨਮ ਅਧੂਰੇਪਨ ਤੋਂ ਹੈ, ਸੁੱਖ ਤੇ ਆਨੰਦ ਦਾ ਜਨਮ ਪੂਰਨਤਾ ਤੋਂ ਹੈ। ਮਨੁੱਖ ਅਧੂਰਾ ਇਸ ਵਾਸਤੇ ਦੁਖੀ ਹੈ। ਤਾਂ ਮੇਰੇ ਪਾਤਸ਼ਾਹ ਨੇ ਪੂਰਨ ਮਨੁੱਖ ਦੀ ਕਲਪਨਾ ਕੀਤੀ। ਮਨੁੱਖ ਨੂੰ ਪੂਰਨ ਕਰਨਾ, ਮਨੁੱਖ ਨੂੰ ਮੁਕੰਮਲ ਕਰਨਾ ਜਦ ਕੋਈ ਕਵੀ ਕਿਸੇ ਕਵਿਤਾ ਨੂੰ ਜਨਮ ਦਿੰਦਾ ਹੈ ਤਾਂ ਕਲਪਨਾ ਦੀ ਧੁਨੀ ਵਿਚੋਂ ਉਸ ਨੂੰ ਲੰਘਣਾ ਪੈਂਦਾ ਹੈ। ਸੰਗੀਤਕਾਰ ਵੀ ਪਹਿਲੇ, ਧੁਨ ਦੀ ਕਲਪਨਾ ਕਰਦਾ ਹੈ, ਫਿਰ ਉਸ ਨੂੰ ਸਾਕਾਰ ਰੂਪ ਦਿੰਦਾ ਹੈ। ਇਕ ਚਿੱਤਰਕਾਰ ਪਹਿਲਾਂ ਤਸਵੀਰ ਨੂੰ ਆਪਣੇ ਖਿਆਲਾਂ ਵਿਚ ਲਿਆਉਂਦਾ ਹੈ ਫਿਰ ਉਸ ਨੂੰ ਸਾਕਾਰ ਰੂਪ ਵਿਚ ਪ੍ਰਗਟ ਕਰਦਾ ਹੈ। ਤਾਂ ਪੂਰਨ ਮਨੁੱਖ ਨੂੰ ਗੁਰੂ ਨਾਨਕ ਦੇਵ ਜੀ ਪਹਿਲਾਂ ਕਲਪਨਾ ਵਿਚ ਲਿਆਏ ਨੇ ਕਿ ਪੂਰਨ ਜੋ ਮਨੁੱਖ ਹੈ ਉਹ ਕਿਸ ਤਰ੍ਹਾਂ ਦਾ ਹੋਵੇ, ਉਸ ਨੂੰ ਕਿਸ ਢੰਗ ਨਾਲ ਬਣਾਉਣਾ,

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਇਹ ਮੇਰੇ ਪਾਤਸ਼ਾਹ ਨੇ ਖਾਕਾ ਚਿਤਰਿਆ, ਪੂਰਨ ਮਨੁੱਖ ਦਾ, ਪੂਰਨ ਇਨਸਾਨ ਦਾ ਤੇ ਏਨੀ ਗੱਲ ਸਪੱਸ਼ਟ ਹੈ ਕਿ ਜਿਹੜੀ ਵੀ ਚੀਜ਼ ਸਾਨੂੰ ਬਹੁਤਾ ਪ੍ਰਭਾਵਿਤ ਕਰੇ ਉਹ ਪੂਰਨ ਹੋਵੇਗੀ, ਅਧੂਰੀ ਚੀਜ਼ ਪ੍ਰਭਾਵਿਤ ਨਹੀਂ ਕਰਦੀ। ਅਧੂਰਾ ਤੇ ਕੁਝ ਵੀ ਨਹੀਂ ਚੰਗਾ ਲੱਗਦਾ, ਸੰਪੂਰਨ ਚੰਗਾ ਲੱਗਦਾ ਹੈ, ਪੂਰਨ ਚੰਗਾ ਲੱਗਦਾ ਹੈ ਤਾਂ ਪੂਰਨ ਮਨੁੱਖ ਦਾ ਖਾਕਾ ਚਿਤਰਿਆ ਗੁਰੂ ਨਾਨਕ ਨੇ। ਇਹ ਦੁਨੀਆ ਦਾ ਸਭ ਤੋਂ ਔਖਾ ਕੰਮ ਹੈ, ਮਨੁੱਖ ਨੂੰ ਪੂਰਨ ਕੀਤਾ ਜਾਵੇ, ਕਿਸੇ ਸੰਗੀਤ ਦੀ ਧੁਨ ਨੂੰ ਪੂਰਨ ਕਰ ਲੈਣਾ, ਕਵਿਤਾ ਪੂਰੀ ਕਰ ਲੈਣੀ, ਕਿਤਾਬ ਪੂਰੀ ਲਿਖ ਲੈਣੀ, ਬੁੱਤ ਪੂਰਨ ਰੂਪ ਵਿਚ ਘੜ ਲੈਣਾ, ਤਸਵੀਰ ਪੂਰਨ ਬਣਾ ਲੈਣੀ, ਏਨੀ ਔਖੀ ਗੱਲ ਨਹੀਂ ਜਿੰਨਾ ਕਿ ਜਿਉਂਦੇ ਜਾਗਦੇ ਮਨੁੱਖ ਨੂੰ ਪੂਰਨ ਕਰਨਾ ਕਿਉਂਕਿ ਮਨੁੱਖ ਇਨਕਾਰੀ ਵੀ ਹੋ ਸਕਦਾ। ਕਿਸੇ ਬੁੱਤ ਨੂੰ ਘੜਨਾ ਹੋਵੇ ਤਾਂ ਪੱਥਰ ਇਨਕਾਰ ਨਹੀਂ ਕਰਦਾ ਕਿ ਮੈਨੂੰ ਘੜ ਨਾ, ਉਹ ਬਿਲਕੁਲ ਇਨਕਾਰੀ ਨਹੀਂ ਹੁੰਦਾ, ਲੇਕਿਨ ਮਨੁੱਖ ਨੂੰ ਘੜਨ ਲੱਗੀਏ, ਉਹਨੂੰ ਆਖੀਏ ਤੈਨੂੰ ਸੁੰਦਰ ਬੁੱਤ ਦੀ ਸ਼ਕਲ ਦੇਣੀ ਹੈ, ਤੈਨੂੰ ਸੁੰਦਰ ਮੁਜੱਸਮਾ ਬਣਾਉਣਾ, ਕੁਝ ਫਾਲਤੂ ਟੁਕੜਿਆਂ ਨੂੰ ਤਰਾਸ਼ ਕੇ ਅਲੱਗ ਕਰਨ ਤੋਂ ਮਨੁੱਖ ਇਨਕਾਰੀ ਵੀ ਹੋ ਸਕਦਾ, ਇਸ ਵਾਸਤੇ ਮਨੁੱਖ ਨੂੰ ਘੜਨਾ ਪੂਰਨ ਕਰਨਾ ਬਹੁਤ ਕਠਿਨ ਹੈ। ਮਨੁੱਖ ਨੂੰ ਪੂਰਨ ਕਰਨ ਲਈ ਗੁਰੂ ਨਾਨਕ ਨੂੰ 250 ਸਾਲ ਲੱਗੇ। ਇਸ ਵਾਸਤੇ ਗੁਰੂ ਨਾਨਕ ਨੂੰ ਦਸ ਜਾਮੇ ਧਾਰਨ ਕਰਨੇ ਪਏ। ਦਸ ਸਰੀਰ ਧਾਰਨ ਕਰਨੇ ਪਏ, ਪਹਿਲੇ ਜਾਮੇ ਵਿਚ ਗੁਰੂ ਨਾਨਕ ਨੇ ਕਲਪਨਾ ਹੀ ਕੀਤੀ, ਪੂਰਨ ਮਨੁੱਖ ਦੀ, ਤੇ ਉਸ ਦਾ ਖਾਕਾ ਚਿਤਰਿਆ ਬਾਕੀ ਦੇ ਨੌਂ ਗੁਰੂਆਂ ਨੇ। ਉਸ ਖਾਕੇ ਵਿਚ ਰੰਗ ਭਰੇ। ਸੰਸਾਰ ਵਿਚ ਅਸੀਂ ਐਸੀਆਂ ਅਣਗਣਿਤ ਕਿਤਾਬਾਂ ਦੇਖਦੇ ਹਾਂ ਜਿਨ੍ਹਾਂ ਨੂੰ ਇਕ ਲੇਖਕ ਨੇ ਨਹੀਂ ਲਿਖਿਆ, ਕਈ ਲੇਖਕਾਂ ਨੇ ਲਿਖਿਆ। ਇਸ ਤਰ੍ਹਾਂ ਅਣਗਣਿਤ ਤਸਵੀਰਾਂ ਨੇ ਜਿਨ੍ਹਾਂ ਨੂੰ ਇਕ ਚਿੱਤਰਕਾਰ ਨੇ ਨਹੀਂ ਬਣਾਇਆ। ਗੁਰੂ ਨਾਨਕ ਨੇ ਜਿਸ ਪੂਰਨ ਮਨੁੱਖ ਦੀ ਕਲਪਨਾ ਕੀਤੀ ਸੀ ਜਿਸ ਦਾ ਖਾਕਾ ਚਿਤਰਿਆ ਸੀ, ਇਸ ਨੂੰ 10 ਜਾਮਿਆਂ ਵਿਚ ਸੰਪੂਰਨ ਕੀਤਾ, ਮੁਕੰਮਲ ਕੀਤਾ। ਜੋ ਪੂਰਨ ਮਨੁੱਖ ਦੀ ਕਲਪਨਾ ਤੇ ਖਾਕਾ ਚਿਤਰਿਆ ਗੁਰੂ ਨਾਨਕ ਨੇ, ਉਸ ਪੂਰਨ ਮਨੁੱਖ ਦਾ ਨਾਮ ਰੱਖਿਆ 'ਸਿੱਖ'। ਇਹ ਸਿੱਖ ਹੈ, ਸਿੱਖ ਦਾ ਮਤਲਬ ਹੈ, ਮੈਂ ਸਿੱਖਣ ਨੂੰ ਤਿਆਰ ਹਾਂ, ਮੈਂ ਸਿੱਖਣਾ ਚਾਹੁੰਦਾਂ, ਮੈਂ ਕੁਝ ਵੀ ਨਹੀਂ ਜਾਣਦਾ। ਸਿੱਖੀ ਭਾਵ ਵੀ ਉਸ ਦੇ ਅੰਦਰ ਪੈਦਾ ਹੋਵੇਗਾ ਜੋ ਕਬੂਲ ਕਰ ਲਵੇ, ਮੈਂ ਕੁਝ ਵੀ ਨਹੀਂ ਜਾਣਦਾ ਮੈਨੂੰ ਕੋਈ ਵੀ ਬੋਧ ਨਹੀਂ ਅਤੇ ਏਨਾ ਭਾਵ ਜਦੋਂ ਪੈਦਾ ਹੋਵੇਗਾ, ਸਿੱਖਣ ਨੂੰ ਰਾਜ਼ੀ ਹੋ ਜਾਵੇਗਾ ਤੇ ਜਦ ਸਿੱਖਣ ਨੂੰ ਰਾਜ਼ੀ ਹੋਵੇਗਾ ਤਾਂ ਸਿੱਖੀ ਜਜ਼ਬਾਤ ਉਸ ਦੇ ਅੰਦਰੋਂ ਫੁੱਟ ਪੈਣਗੇ, ਗੁਰੂ ਨਾਨਕ ਨੇ ਇਸ ਤਰ੍ਹਾਂ ਦੇ ਪੂਰਨ ਮਨੁੱਖ ਦੀ ਕਲਪਨਾ ਕੀਤੀ।



(2) ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਉਸ ਖਾਕੇ ਵਿਚ ਜਿਹੜਾ ਰੰਗ ਭਰਿਆ ਉਹ ਇਤਿਹਾਸ ਨੂੰ ਪੜ੍ਹਨ ਤੋਂ ਬਾਅਦ, ਜੋ ਵਿਚਾਰ ਸਾਹਮਣੇ ਆਈ ਹੈ, ਹੁਕਮ ਮੰਨਣ ਦਾ ਜੋ ਰੰਗ ਹੈ, ਇਹ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਭਰਿਆ 'ਹੁਕਮ ਮੰਨਣਾ ਹੈ'। ਕਹਿੰਦੇ ਹਨ ਕਿ ਜਿਸ ਤਰ੍ਹਾਂ ਮਨੁੱਖ ਦੇ ਅੰਦਰ ਭੋਜਨ ਦੀ ਭੁੱਖ ਹੈ, ਧਨ ਦੀ ਭੁੱਖ ਹੈ, ਔਲਾਦ ਦੀ ਭੁੱਖ ਹੈ, ਹੁਕਮ ਕਰਨ ਦੀ ਵੀ ਭੁੱਖ ਹੈ, ਜਿਸ ਤਰ੍ਹਾਂ ਭੋਜਨ ਵਕਤ ਸਿਰ ਨਾ ਮਿਲੇ ਤਾਂ ਭੁੱਖ ਤੋਂ ਬੰਦਾ ਦੁਖੀ ਹੁੰਦਾ ਹੈ। ਕੋਈ ਹੁਕਮ ਨਾ ਮੰਨੇ ਤੇ ਅਗਲਾ ਇਨਕਾਰੀ ਹੋ ਜਾਵੇ ਤਾਂ ਵੀ ਬੰਦੇ ਨੂੰ ਬੜੀ ਚੋਟ ਲੱਗਦੀ ਹੈ, ਬੜਾ ਦੁਖੀ ਹੁੰਦਾ ਹੈ, ਮਨੁੱਖ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਸਾਰਾ ਸੰਸਾਰ ਮੇਰਾ ਹੁਕਮ ਮੰਨੇ, ਪਰ ਜੇ ਏਨਾ ਸਮਰੱਥ ਨਾ ਹੋ ਸਕੇ, ਏਨਾ ਮਹਾਨ ਨਾ ਹੋ ਸਕੇ ਤਾਂ ਫਿਰ ਸੋਚਦਾ, ਕੋਈ ਗੱਲ ਨਹੀਂ, ਕਮ ਸੇ ਕਮ ਸਮੁੱਚਾ ਮੁਲਕ ਤਾਂ ਮੇਰਾ ਹੁਕਮ ਮੰਨੇ ਪਰ ਮੁਲਕ ਦੇ ਬੰਦੇ ਵੀ ਬਾਗ਼ੀ ਹੋਵਣ, ਹੁਕਮ ਮੰਨਣ ਨੂੰ ਤਿਆਰ ਨਾ ਹੋਵਣ ਤੇ ਇਸ ਦੀ ਤਾਕਤ ਵੀ ਬਹੁਤ ਜ਼ਿਆਦਾ ਨਾ ਹੋਵੇ ਫਿਰ ਆਪਣੇ-ਆਪ ਨੂੰ ਤਸੱਲੀ ਦਿੰਦਾ ਹੈ ਕੋਈ ਗੱਲ ਨੀਂ, ਜਿਸ ਸ਼ਹਿਰ ਵਿਚ

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਮੈਂ ਰਹਿੰਦਾਂ, ਸਮੁੱਚੇ ਸ਼ਹਿਰ ਵਾਸੀ ਤਾਂ ਮੇਰਾ ਹੁਕਮ ਮੰਨਣ। ਇਸ ਵਾਸਤੇ ਅਸੀਂ ਦੇਖਦੇ ਹਾਂ ਕੋਈ ਮੁਲਕਾਂ ਦੇ ਚੌਧਰੀ ਬਣਦੇ ਨੇ, ਕੋਈ ਸ਼ਹਿਰਾਂ ਦੇ ਚੌਧਰੀ ਬਣਦੇ ਨੇ, ਕੋਈ ਪਿੰਡਾਂ ਦੇ ਚੌਧਰੀ ਬਣਦੇ ਨੇ, ਕੋਈ ਮੁਹੱਲਿਆਂ ਦੇ ਚੌਧਰੀ ਬਣਦੇ ਨੇ, ਮਤਲਬ ਏਨਾ ਹੀ ਹੁੰਦਾ ਹੈ ਕਿ ਮੁਹੱਲੇ ਵਾਲੇ ਮੇਰਾ ਹੁਕਮ ਮੰਨਣ ਪਰ ਮੁਹੱਲੇ ਵਾਲੇ ਵੀ ਇਨਕਾਰੀ ਹੋ ਜਾਣ ਤਾਂ ਫਿਰ ਬੰਦਾ ਸੋਚਦਾ, ਕੋਈ ਗੱਲ ਨੀਂ, ਸਮੁੱਚੇ ਘਰ ਵਾਲਿਆਂ ਨੂੰ ਮੇਰਾ ਹੁਕਮ ਮੰਨਣਾ ਹੀ ਚਾਹੀਦਾ, ਪਰ ਜੇ ਕਿਧਰੇ ਘਰ ਵਾਲੇ ਵੀ ਇਨਕਾਰੀ ਹੋ ਜਾਣ ਤਾਂ ਮਨੋ ਵਿਗਿਆਨੀ ਐਸਾ ਕਹਿੰਦੇ ਨੇ ਮਨੁੱਖ ਦਾ ਜ਼ੋਰ ਹੈ ਕਿ ਘਰਵਾਲੀ ਤਾਂ ਹੁਕਮ ਹਰ ਹਾਲਤ ਵਿਚ ਮੰਨੇ, ਪਰ ਰੱਬ ਦੇ ਭਾਣੇ ਜੇ ਕਿਤੇ ਉਹ ਵੀ ਹੁਕਮ ਮੰਨਣ ਨੂੰ ਤਿਆਰ ਨਾ ਹੋਵੇ ਤਾਂ ਕਹਿੰਦੇ ਨੇ ਬੰਦੇ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ, ਬਹੁਤ ਦੁਖੀ ਹੋ ਜਾਂਦਾ ਹੈ। ਐਸਾ ਵੀ ਮਨੋਵਿਗਿਆਨੀ ਕਹਿ ਰਹੇ ਨੇ ਕਿ ਅਜਿਹੇ ਮਨੁੱਖ ਕਈ ਵਾਰਾਂ ਨਿਰਾਸ਼ ਹੋ ਕੇ ਧਰਮ ਮੰਦਿਰਾਂ ਵਿਚ ਹੁਕਮ ਕਰਨ ਦੀ ਭਾਵਨਾ ਨਾਲ ਚਲੇ ਜਾਂਦੇ ਹਨ। ਹੁਕਮ ਮੰਨਣ ਦੀ ਭਾਵਨਾ ਨਾਲ ਨਹੀਂ ਹੁਕਮ ਕਰਨ ਦੀ ਭਾਵਨਾ ਨਾਲ। ਦਰਅਸਲ ਹੁਕਮ ਕਰਨਾ, ਕਰੀ ਜਾਣਾ ਅਤੇ ਹਰ ਇਕ ਤੇ ਕਰੀ ਜਾਣਾ ਇਹ ਬਹੁਤ ਵੱਡਾ ਔਗੁਣ ਹੈ। ਗੁਰੂ ਨਾਨਕ ਦੀ ਬਾਣੀ ਦਾ ਕਹਿਣਾ ਏ-ਬੰਦੇ ਤੂੰ ਆਪਣੇ ਅੰਦਰ ਹੁਕਮ ਮੰਨਣ ਦੀ ਭਾਵਨਾ ਪੈਦਾ ਕਰ : ਹੁਕਮਿ ਮੰਨਿਐ, ਹੋਵੈ ਪਰਵਾਣੁ। ਤਾ ਖਸਮੈ ਕਾ ਮਹਲੁ ਪਾਇਸੀ॥ ਧਰਮ ਮੰਦਿਰ ਵਿਚ ਆ ਕੇ ਤੂੰ ਹੁਕਮ ਨਹੀਂ ਕਰਨਾ, ਹੁਕਮ ਮੰਨਣਾ, ਗੱਲ ਮੰਨਣੀ ਹੈ, ਗੱਲ ਨੂੰ ਮੰਨਾਵਣ ਵਿਚ ਤਾਂ ਸੁਆਦ ਹੈ, ਗੱਲ ਮੰਨਣ ਵਿਚ ਹੰਕਾਰ ਨੂੰ ਚੋਟ ਲੱਗਦੀ ਹੈ। ਬਹੁਤ ਚੋਟ ਲੱਗਦੀ ਹੈ, ਇਸ ਵਾਸਤੇ ਮਨੁੱਖ ਨੂੰ ਉਦੋਂ ਬੜੀ ਖੁਸ਼ੀ ਹੁੰਦੀ ਹੈ ਜਦੋਂ ਉਸ ਦੀ ਕੋਈ ਗੱਲ ਮੰਨ ਲੈਂਦਾ ਹੈ। ਬਹੁਤ ਖੁਸ਼ੀ ਹੁੰਦੀ ਹੈ, ਮੇਰੇ ਵਿਚਾਰ ਮੰਨ ਲਏ ਨੇ, ਮੇਰੀ ਗੱਲ ਮੰਨ ਲਈ ਏ, ਮੇਰਾ ਹੁਕਮ ਮੰਨ ਲਿਆ ਹੈ। ਪਰ ਇਹ ਖੁਸ਼ੀ ਇਸ ਦੀ ਅਧੂਰੀ ਹੈ ਜਦ ਇਸ ਨੂੰ ਆਖਿਆ ਜਾਏ ਤੂੰ ਵੀ ਕਿਸੇ ਦੀ ਗੱਲ ਮੰਨ, ਤਾਂ ਕਹਿੰਦਾ "ਨਹੀਂ" ਮੈਂ ਰੱਦ ਕਰਦਾ ਹਾਂ, ਇਸ ਦੇ ਵਿਚਾਰ ਗ਼ਲਤ ਨੇ, ਇਸ ਦਾ ਕਹਿਣਾ ਗ਼ਲਤ ਹੈ। ਦਰਅਸਲ ਗੱਲ ਸਪੱਸ਼ਟ ਹੋ ਰਹੀ ਹੈ ਕਿ ਮਨੁੱਖ ਹੁਕਮ ਕਰਕੇ ਰਾਜ਼ੀ ਹੈ, ਹੁਕਮ ਮੰਨ ਕੇ ਨਹੀਂ। ਹੁਕਮ ਮੰਨਣ ਦਾ ਰੂਪ ਨੇ ਗੁਰੂ ਅੰਗਦ ਦੇਵ ਜੀ ਮਹਾਰਾਜ। ਫਿਰ ਦੋ ਸਾਖੀਆਂ ਨੇ ਜਨਮ ਸਾਖੀ ਦੇ ਅੰਦਰ ਜੋ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਹੁਕਮ ਮੰਨਣ ਦੀ ਤਸਵੀਰ ਨੂੰ ਹੁਕਮ ਮੰਨਣ ਦੀ ਭਾਵਨਾ ਨੂੰ ਬੜੇ ਸੋਹਣੇ ਢੰਗ ਦੇ ਨਾਲ ਪੇਸ਼ ਕਰਦੀਆਂ ਨੇ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਕ ਦਿਨ ਬਹੁਤ ਸਾਰੀ ਸੰਗਤ ਨੂੰ ਵੇਖ ਕੇ ਆਪਣੇ ਵੱਡੇ ਸਾਹਿਬਜ਼ਾਦੇ ਸ੍ਰੀ ਚੰਦ ਨੂੰ ਕਿਹਾ ਕਿ ਬਈ ਬੱਚਿਆ, ਜਿਹੜਾ ਜੰਡ ਦਾ ਦਰੱਖਤ ਹੈ ਉਹਦੇ ਉੱਤੇ ਤੂੰ ਚੜ੍ਹ ਜਾ, ਇਹਨੂੰ ਹਿਲਾ, ਇਹਦੇ 'ਚੋਂ ਮਠਿਆਈ ਟਪਕੇਗੀ। ਆਪਾਂ ਸੰਗਤ ਵਿਚ ਵੰਡਣੀ ਏ, ਤਾਂ ਬਾਬਾ ਸ੍ਰੀ ਚੰਦ ਹੱਸ ਕੇ ਕਹਿਣ ਲੱਗੇ, ਗੁਰਦੇਵ ਪਿਤਾ ਕਦੇ ਦਰੱਖਤਾਂ ਤੋਂ ਮਠਿਆਈ ਟੱਪਕੀ ਏ, ਤੇ ਦਰੱਖਤ ਵੀ ਉਹ ਜੋ ਜੰਡ ਦਾ ਦਰੱਖਤ ਹੈ ਜਿਹਨੂੰ ਕੋਈ ਫਲ ਵੀ ਨਹੀਂ ਲੱਗਦਾ, ਫੁੱਲ ਵੀ ਨਹੀਂ ਲੱਗਦਾ, ਇਹਦੇ 'ਚੋਂ ਮਠਿਆਈ ਕਿਥੋਂ, ਤੁਹਾਡੀ ਉਮਰ ਵਡੇਰੀ ਹੋ ਗਈ ਹੈ, ਅਣਹੋਣੀਆਂ ਗੱਲਾਂ ਕਰਨ ਲੱਗ ਪਏ ਹੋ, ਤਾਂ ਸਾਹਿਬ ਨੇ ਆਪਣੇ ਛੋਟੇ ਸਾਹਿਬਜ਼ਾਦੇ ਨੂੰ ਬੁਲਾਇਆ ਸ੍ਰੀ ਲਖਮੀਦਾਸ ਨੂੰ, ਬੱਚਿਆ ਤੂੰ ਚੜ੍ਹ ਜਾ, ਇਸ ਦਰੱਖਤ ਨੂੰ ਝਾੜ, ਮਠਿਆਈ ਟੱਪਕੇਗੀ, ਆਪਾਂ ਸੰਗਤਾਂ ਵਿਚ ਵੰਡਾਂਗੇ। ਲਖਮੀ ਦਾਸ ਵੀ ਕਹਿਣ ਲੱਗੇ, ਗੁਰਦੇਵ ਪਿਤਾ ਵੱਡੇ ਭਰਾ ਠੀਕ ਹੀ ਕਹਿੰਦੇ ਨੇ, ਦਰੱਖਤਾਂ ਤੋਂ ਮਠਿਆਈ ਨਹੀਂ ਟੱਪਕਦੀ, ਦਰੱਖਤ ਜੰਡ ਦਾ ਜਿਸ ਨੂੰ ਕੋਈ ਫੁੱਲ ਤੇ ਫਲ ਨਹੀਂ ਲੱਗਦਾ। ਆਖਰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਲਹਿਣੇ ਦੀ ਤਰਫ਼ ਇਸ਼ਾਰਾ ਕੀਤਾ। ਭੱਜਿਆ ਹੋਇਆ ਆਇਆ ਲਹਿਣਾ, ਸਾਹਿਬ ਉਸ ਨੂੰ ਕਹਿੰਦੇ ਨੇ, ਜਾਹ ਤੂੰ ਇਸ ਦਰੱਖਤ 'ਤੇ ਚੜ੍ਹ ਜਾ। ਲਹਿਣਾ ਦਰੱਖਤ 'ਤੇ ਚੜ੍ਹਨ ਲੱਗਿਆ, ਸ੍ਰੀ ਚੰਦ ਲਹਿਣੇ ਨੂੰ ਰੋਕਦੇ ਨੇ, ਕਹਿੰਦੇ ਨੇ ਭਾਈ ਲਹਿਣਾ ਜੀ, 'ਕਦੀ ਦਰੱਖਤਾਂ ਤੋਂ ਮਠਿਆਈ ਟੱਪਕੀ ਏ? ਇਹ ਕੀ ਕਰ ਰਹੇ ਹੋ? ਲੋਕੀ ਪਗਲਾ ਕਹਿਣਗੇ; ਤਾਂ ਭਾਈ ਲਹਿਣਾ ਜੀ ਕਹਿਣ ਲੱਗੇ ਬਾਬਾ ਸ੍ਰੀ ਚੰਦ ਜੀ, ਇਸ ਦਰੱਖਤ ਤੋਂ ਮਠਿਆਈ ਟਪਕੇ ਜਾਂ ਨਾ ਟਪਕੇ ਇਹਦੇ ਨਾਲ ਸਾਡਾ ਕੋਈ ਮਤਲਬ ਨਹੀਂ। ਅਸੀਂ ਤੇ ਗੁਰੂ ਦਾ ਹੁਕਮ ਮੰਨਣਾ ਹੈ-ਹੁਕਮਿ ਮੰਨੀਐ ਹੋਵੈ ਪਰਵਾਣੁ, ਤਾ ਖਸਮੈ ਕਾ ਮਹਲੁ ਪਾਇਸੀ। ਇਕ ਹੋਰ ਸੁੰਦਰ ਗਾਥਾ ਹੈ ਕਿ ਇਕ ਦਿਨ ਬੜਾ ਖ਼ੂਬਸੂਰਤ ਲੋਟਾ ਗੁਰੂ ਨਾਨਕ ਦੇਵ ਜੀ ਦੇ ਹੱਥ ਵਿਚ ਸੀ, ਆਪ ਸਹਿਜੇ-ਸਹਿਜੇ ਜੰਗਲ ਦੇ ਵਿਚ ਜਾ ਰਹੇ ਨੇ। ਆਪ ਨੇ ਉਹ ਲੋਟਾ ਇਕ ਐਸੇ ਸਰੋਵਰ ਵਿਚ ਸੁੱਟ

www.punjabiherald.co.nz

ਦਿੱਤਾ ਜਿਸ ਵਿਚ ਚਿਕੜ ਬਹੁਤ ਜ਼ਿਆਦਾ ਸੀ, ਪਾਣੀ ਬਹੁਤ ਘੱਟ ਸੀ ਤੇ ਮੇਰੇ ਪਾਤਸ਼ਾਹ ਸ੍ਰੀ ਚੰਦ ਨੂੰ ਕਹਿਣ ਲੱਗੇ-ਇਹ ਕੱਢ ਕੇ ਲਿਆਓ। ਸ੍ਰੀ ਚੰਦ ਕਹਿਣ ਲੱਗੇ ਗੁਰਦੇਵ, ਜੇ ਇਹ ਲੋਟਾ ਕੱਢ ਕੇ ਲਿਆਣਾ ਸੀ ਤਾਂ ਸੁੱਟਿਆ ਕਿਉਂ ਏ। ਜੇ ਅਸੀਂ ਹੁਣ ਕੱਢ ਕੇ ਲਿਆਈਏ ਤਾਂ ਕੱਪੜੇ ਮੈਲੇ, ਗੰਦੇ ਹੋ ਜਾਣਗੇ। ਅਸੀਂ ਆਪ ਦੇ ਸਾਹਿਬਜ਼ਾਦੇ ਹਾਂ ਕਿਸੇ ਨੌਕਰ-ਚਾਕਰ ਨੂੰ ਇਹ ਕੰਮ ਆਖੋ, ਅਸੀਂ ਤੇ ਆਪ ਦੇ ਸਾਹਿਬਜ਼ਾਦੇ ਹਾਂ, ਸਾਡੀ ਪੁਸ਼ਾਕ ਗੰਦੀ ਹੋ ਜਾਵੇਗੀ, ਸਾਡੇ ਕੱਪੜੇ ਗੰਦੇ ਹੋ ਜਾਣਗੇ। ਗੁਰੂ ਦੇਵ ਨੇ ਫਿਰ ਲਖਮੀ ਦਾਸ ਨੂੰ ਆਖਿਆ, ਦੂਜੇ ਸਾਹਿਬਜ਼ਾਦੇ ਨੂੰ, ਬੱਚਿਆ ਤੂੰ ਇਹ ਲੋਟਾ ਕੱਢ ਕੇ ਲਿਆ, ਤਾਂ ਲਖਮੀ ਦਾਸ ਕਹਿਣ ਲੱਗੇ, ਗੁਰਦੇਵ ਪਿਤਾ ਉਮਰ ਤੁਹਾਡੀ ਵਡੇਰੀ ਹੋ ਗਈ ਹੈ। ਅਣਹੋਣੀਆਂ ਗੱਲਾਂ ਕਰਨ ਲੱਗ ਪਏ ਹੋ। ਬੜੇ ਭਰਾਤਾ ਠੀਕ ਕਹਿੰਦੇ ਨੇ, ਜੇ ਇਹ ਲੋਟਾ ਕੱਢ ਕੇ ਲਿਆਣਾ ਸੀ ਤਾਂ ਇਹ ਸੁੱਟਿਆ ਕਿਉਂ ਹੈ, ਸਾਡੇ ਸਾਹਮਣੇ ਤੁਸੀਂ ਸੁੱਟਿਆ ਏ, ਤੇ ਜੇ ਹੁਣ ਕੱਢ ਕੇ ਲਿਆਏ ਤਾਂ ਕੱਪੜੇ ਸਾਡੇ ਗੰਦੇ ਹੋ ਜਾਣਗੇ, ਚਿਕੜ-ਆਲੂਦ ਹੋ ਜਾਣਗੇ। ਗਹਿਰੇ ਤਲ ਤਾਂ ਝਾਤ ਮਾਰੀਏ। ਕਿਸੇ ਨੂੰ ਚਿਕੜ ਤੋਂ ਕੱਢਣਾ ਹੋਵੇ, ਤਾਂ ਗੰਦਾ ਹੋਣਾ ਪੈਂਦਾ ਹੈ। ਜੋ ਗੰਦਗੀ ਤੋਂ ਡਰਦਾ, ਗੰਦੇ ਹੋਣ ਤੋਂ ਡਰਦਾ, ਐਸਾ ਮਨੁੱਖ ਕਿਸੇ ਨੂੰ ਵੀ ਗੰਦਗੀ ਤੋਂ ਨਹੀਂ ਕੱਢੇਗਾ ਔਰ ਜਿਸ ਨੂੰ ਸੇਕ ਲੱਗਣ ਦਾ ਡਰ ਹੈ, ਭੈ-ਭੀਤ ਹੈ, ਐਸਾ ਮਨੁੱਖ ਕਿਸੇ ਨੂੰ ਵੀ ਬਲਦੀ ਹੋਈ ਅੱਗ 'ਚੋਂ ਨਹੀਂ ਕੱਢ ਸਕੇਗਾ। ਜਿਸ ਨੂੰ ਡੁੱਬਣ ਦਾ ਡਰ ਹੈ, ਐਸਾ ਮਨੁੱਖ ਕਿਸੇ ਨੂੰ ਵੀ ਪਾਣੀ ਵਿਚੋਂ ਡੁੱਬਦੇ ਹੋਏ ਨੂੰ, ਨਹੀਂ ਕੱਢੇਗਾ। ਪਰ, ਪਰਉਪਕਾਰ ਦਾ ਮਤਲਬ ਇਹੋ ਹੈ ਕਿ ਜਾਨ ਨੂੰ ਹਥੇਲੀ 'ਤੇ ਰੱਖਣਾ। ਪਰ ਉਪਕਾਰ ਉਹ ਨਹੀਂ ਜੋ ਆਮ ਮਨੁੱਖੀ ਦੁਨੀਆ ਵਿਚ ਕਹਾਵਤ ਦੇ ਰੂਪ ਵਿਚ ਪ੍ਰਚਲਤ ਹੈ। ਦਰਅਸਲ ਗੰਦਗੀ ਵਿਚੋਂ ਕਿਸੇ ਨੂੰ ਵੀ ਕੱਢਣਾ ਹੋਵੇ, ਹੱਥ ਪੈਰ ਗੰਦੇ ਹੋ ਈ ਜਾਂਦੇ ਨੇ, ਕੱਪੜੇ ਗੰਦੇ ਹੋ ਈ ਜਾਂਦੇ ਨੇ, ਇਹ ਇਕ ਕੁਦਰਤੀ ਨਿਯਮ ਹੈ। ਲਖਮੀ ਦਾਸ ਵੀ ਇਨਕਾਰੀ ਹੋ ਗਏ ਤਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਲਹਿਣੇ ਦੀ ਤਰਫ ਇਸ਼ਾਰਾ ਕਰਦੇ ਨੇ। ਕਹਿੰਦੇ ਨੇ, ਪੁਰਖਾ ਤੂੰ ਕੱਢ ਲਿਆ। ਲਹਿਣਾ ਜੀ ਭੱਜੇ ਹੋਏ ਗਏ, ਗੋਡੇ-ਗੋਡੇ ਚਿਕੜ ਸੀ, ਆਪ ਚਿਕੜ ਵਿਚ ਚਲੇ ਗਏ, ਲੋਟੇ ਨੂੰ ਹੱਥ 'ਤੇ ਰੱਖ ਕੇ ਬਾਹਰ ਆਏ ਨੇ। ਜਿਸਮ ਸਾਰਾ ਚਿਕੜ-ਆਲੂਦ ਹੋ ਗਿਆ, ਕੱਪੜੇ ਸਾਰੇ ਚਿਕੜ ਨਾਲ ਲਿਬੜ ਗਏ ਨੇ, ਪਰ ਇਸ ਚਿਕੜ ਨਾਲ ਲਿਬੜੇ ਹੋਏ ਲਹਿਣੇ ਨੂੰ ਗੁਰੂ ਨਾਨਕ ਨੇ ਗਲਵਕੜੀ ਵਿਚ ਲੈ ਲਿਆ। ਆਖਿਆ ਕਿ ਲਹਿਣਿਆ, ਤੂੰ ਇਹ ਲੋਟਾ ਚਿਕੜ ਵਿਚੋਂ ਕੱਢ ਕੇ ਨਹੀਂ ਲਿਆਇਆ, ਸਾਰੀ ਮਖਲੂਕ ਨੂੰ ਚਿਕੜ ਵਿਚੋਂ ਕੱਢ, ਕੇ ਲਿਆਂਦਾ ਏ, ਤੇ ਜਿਹੜਾ ਕਿਸੇ ਨੂੰ ਚਿਕੜ ਵਿਚੋਂ ਕੱਢੇ ਮੈਨੂੰ ਉਹੀ ਪਿਆਰਾ ਲੱਗਦਾ। ਮੈਨੂੰ ਉਹੀ ਚੰਗਾ ਲੱਗਦਾ। ਦੁਨੀਆ ਦੇਖੇਗੀ ਤੂੰ ਮੇਰੇ ਸਿੰਘਾਸਣ 'ਤੇ ਬੈਠੇਂਗਾ। ਮੇਰਾ ਮਸਤਕ ਤੇਰੇ ਕਦਮਾਂ 'ਤੇ ਹੋਵੇਗਾ। ਸੰਸਾਰ ਨੇ ਐਸਾ ਹੀ ਦੇਖਿਆ, ਵਾਕਿਆ ਹੀ ਦੁਨੀਆ ਦੰਗ ਰਹਿ ਗਈ। ਕਦਮ-ਕਦਮ ਦੇ ਉੱਤੇ ਗੁਰੂ ਦਾ ਹੁਕਮ ਮੰਨਣਾ ਇਹ ਭਾਈ ਲਹਿਣੇ ਦੇ ਰੋਮ-ਰੋਮ ਵਿਚ ਸਮਾਇਆ ਹੋਇਆ ਸੀ। ਆਪਣੀ ਬਾਣੀ ਦੇ ਰਾਹੀਂ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਹੁਕਮ ਮੰਨਣ ਦਾ ਹੀ ਉਪਦੇਸ਼ ਤੇ ਸੰਦੇਸ਼ ਦਿੱਤਾ ਹੈ। ਜੋ ਪੂਰਨ ਪੁਰਖ ਦਾ ਖਾਕਾ ਗੁਰੂ ਨਾਨਕ ਨੇ ਚਿਤਰਿਆ ਸੀ ਉਸ ਵਿਚ ਹੁਕਮ ਮੰਨਣ ਦਾ ਰੰਗ ਭਰਿਆ ਗੁਰੂ ਅੰਗਦ ਜੀ ਮਹਾਰਾਜ ਨੇ। ਜਿਸ ਸਿੱਖ ਦੇ ਅੰਦਰ ਹੁਕਮ ਮੰਨਣ ਦੀ ਭਾਵਨਾ ਖਤਮ ਹੋ ਜਾਏ, ਸਮਝ ਲੈਣਾ ਚਾਹੀਦਾ ਉਸ ਸਿੱਖ ਦੇ ਅੰਦਰ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਰੰਗ ਨਹੀਂ ਹੈ। ਉਸ ਸਿੱਖ ਦੇ ਅੰਦਰ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੀ ਮੂਰਤੀ ਨਹੀਂ ਹੈ। ਉਸ ਪੂਰਨ ਪੁਰਖ ਦਾ ਖਾਕਾ ਗੁਰੂ ਨਾਨਕ ਨੇ ਚਿਤਰਿਆ ਸੀ।



(3) ਗੁਰੂ ਨਾਨਕ ਦੇ ਤੀਸਰੇ ਸਰੂਪ ਸਾਹਿਬ ਗੁਰੂ ਅਮਰਦਾਸ ਜੀ ਬਿਰਧ ਬਾਬਾ ਨੇ, ਉਸ ਖਾਕੇ ਵਿਚ ਕਿਹੜਾ ਰੰਗ ਭਰਿਆ। ਇਤਿਹਾਸ ਦੀ ਪੜਚੋਲ ਕਰੀਏ ਤਾਂ ਗੁਰੂ ਅਮਰਦਾਸ ਜੀ ਮਹਾਰਾਜ ਨੇ ਚੱਲੀਆਂ ਆ ਰਹੀਆਂ ਤਮਾਮ ਬੁਰੀਆਂ ਰਸਮਾਂ ਦੀਆਂ ਧੱਜੀਆਂ ਉਡਾ ਦਿੱਤੀਆਂ,

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਸਿੱਖ ਨੂੰ ਆਦਰਸ਼ਵਾਦੀ ਬਣਾਇਆ, ਸਿੱਖ ਨੂੰ ਸਹੀ ਮਾਅਨਿਆਂ ਵਿਚ ਨਵੀਂ ਦਿਸ਼ਾ ਦਿੱਤੀ ਔਰ ਕਹਿ ਦਿੱਤਾਸ, ਪੁਰਾਣੀਆਂ ਮਨੌਤਾਂ ਵਾਸਤੇ ਕੋਈ ਥਾਂ ਨਹੀਂ। ਆਪ ਨੇ ਵਰਣ ਵੰਡ ਖਤਮ ਕਰ ਦਿੱਤੀ। ਚਾਰੇ ਵਰਣਾਂ ਨੂੰ ਇਕੋ ਪੰਗਤ ਵਿਚ ਬਿਠਾ ਕੇ ਲੰਗਰ ਛਕਾਇਆ। ਕੋਈ ਜਾਤ ਨਹੀਂ, ਕੋਈ ਪਾਤ ਨਹੀਂ, ਕੋਈ ਵਰਣ ਨਹੀਂ, ਸਾਰੇ ਮਨੁੱਖ ਇਕੋ ਜਿਹੇ ਨੇ, ਕਰਮ ਕਰਕੇ ਮਨੁੱਖ ਉੱਚਾ, ਕਰਮ ਕਰਕੇ ਮਨੁੱਖ ਨੀਵਾਂ, ਕੋਈ ਜਾਤ ਕਰਕੇ ਉੱਚਾ ਨਹੀਂ, ਕੋਈ ਜਾਤ ਕਰਕੇ ਨੀਵਾਂ ਨਹੀਂ। ਇਸ ਤਰ੍ਹਾਂ ਦੀ ਨਵੀਂ ਰਹੁ-ਰੀਤੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਚਲਾਈ। ਜਾਤ ਦਾ ਮਾਣ ਕਰਨ ਵਾਲਿਆਂ ਨੂੰ ਮੇਰੇ ਪਾਤਸ਼ਾਹ ਨੇ ਸਾਫ ਕਹਿ ਦਿੱਤਾ-"ਜਾਤਿ ਕਾ ਗਰਬੁ ਨਾ ਕਰਿ ਮੂਖ-ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥" ਸਮਾਜ ਤੇ ਧਰਮ ਵਿਚ ਆਈਆਂ ਹੋਈਆਂ ਕੁਰੀਤੀਆਂ ਨੂੰ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਆਪਣੀ ਪ੍ਰਬਲ ਵਿਚਾਰਧਾਰਾ ਨਾਲ ਦੂਰ ਕੀਤਾ। ਸਮਾਜ ਵਿਚ ਇਸਤਰੀ ਜਾਤ ਲਈ ਪਰਦੇ ਦੀ ਪ੍ਰਥਾ ਵੀ ਪ੍ਰਚਲਿਤ ਸੀ ਜੋ ਤਕਰੀਬਨ-ਤਕਰੀਬਨ ਮੁਗ਼ਲਾਂ ਤੋਂ ਹਿੰਦੁਸਤਾਨ ਵਿਚ ਆਈ। ਗੁਰੂ ਅਮਰਦਾਸ ਜੀ ਮਹਾਰਾਜ ਨੇ ਸਾਫ਼ ਕਹਿ ਦਿੱਤਾ ਕਿ ਸਾਡੇ ਦਰਬਾਰ ਵਿਚ ਜੋ ਇਸਤਰੀ ਆਵੇ ਉਹ ਪਰਦਾ ਕਰਕੇ ਨਾ ਆਵੇ। ਬਾਈਧਾਰ ਦੇ ਰਾਜਿਆਂ ਦੀ ਇਕ ਇਸਤਰੀ ਪਰਦਾ ਕਰਕੇ ਆ ਗਈ ਤਾਂ ਮੇਰੇ ਪਾਤਸ਼ਾਹ ਨੇ ਕਹਿ ਦਿੱਤਾ ਇਹ ਕੌਣ ਝੱਲੀ ਆ ਗਈ ਏ। ਸਾਹਿਬ ਦੇ ਸਹਿਜ ਬੋਲਾਂ ਨੇ ਉਸ ਨੂੰ ਝੱਲੀ ਕਰ ਦਿੱਤਾ, ਪਗਲੀ ਕਰ ਦਿੱਤਾ। ਮਹਾਰਾਜ ਨੇ ਕਹਿ ਦਿੱਤਾ, ਇਸਤਰੀ ਕੋਈ ਵਸਤੂ ਨਹੀਂ, ਕੋਈ ਚੀਜ਼ ਨਹੀਂ ਕਿ ਇਸ ਨੂੰ ਢੱਕ ਕੇ ਰੱਖਿਆ ਜਾਵੇ, ਉਸ ਨੂੰ ਛੁਪਾ ਕੇ ਰੱਖਿਆ ਜਾਵੇ। ਇਹ ਮਨੁੱਖਤਾ ਦਾ ਅੱਧਾ ਅੰਗ ਹੈ, ਇਹ ਧਨ ਨਹੀਂ ਹੈ, ਇਹ ਸੰਪਤੀ ਨਹੀਂ ਹੈ। ਕਬੀਰ ਨੇ ਕਹਿ ਦਿੱਤਾ ਜਿਸ ਦੇ ਮੁਖੜੇ ਦੇ ਉੱਤੇ ਸ਼ਰਮ ਦਾ ਘੁੰਡ ਹੈ, ਹਯਾ ਦਾ ਘੁੰਡ ਹੈ, ਸੱਚ ਦਾ ਘੁੰਡ ਹੈ, ਉਸ ਨੂੰ ਕੱਪੜੇ ਦੇ ਘੁੰਡ ਦੀ ਲੋੜ ਨਹੀਂ। ਕੱਪੜੇ ਦਾ ਘੁੰਡ ਤਾਂ ਉਸ ਨੂੰ ਚਾਹੀਦਾ ਜਿਹਦੇ ਕੋਲ ਸ਼ਰਮ ਨਹੀਂ, ਹਯਾ ਨਹੀਂ, ਸੱਚ ਨਹੀਂ। ਧਾਰਮਿਕ ਦੁਨੀਆ ਵਿਚ ਆਈਆਂ ਹੋਈਆਂ ਕੁਰੀਤੀਆਂ, ਲੋਕੀ ਸ਼ਗਨ ਅਪਸ਼ਗਨ ਦੇ ਪੁਜਾਰੀ ਸਨ, ਚਲਦਿਆਂ ਹੋਇਆਂ ਕਿਸੇ ਨੂੰ ਨਿਛ ਆ ਜਾਵੇ ਤਾਂ ਇਸ ਨੂੰ ਬਦਸ਼ਗਨੀ ਮੰਨਦੇ ਨੇ। ਰਸਤੇ ਵਿਚ ਕੋਈ ਬਿੱਲੀ ਰਸਤਾ ਕੱਟ ਜਾਵੇ ਤਾਂ ਇਸ ਨੂੰ ਬਦਸ਼ਗਨੀ ਮੰਨਦੇ ਨੇ। ਕਿਸੇ ਕੰਮ 'ਤੇ ਚੱਲਿਆਂ ਬਾਹਰ ਖੋਤਾ ਬੋਲ ਪਿਆ ਤਾਂ ਇਸ ਨੂੰ ਬਦਸ਼ਗਨੀ ਮੰਨਦੇ ਨੇ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਫੁਰਮਾਨ-

*"ਸਗਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥"*

ਸ਼ਗਨ ਅਪਸ਼ਗਨ ਦੀ ਮਨੌਤ ਉਸ ਦੁਨੀਆ ਵਿਚ ਹੈ, ਜਿਥੇ ਪ੍ਰਭੂ ਚਿੰਤਨ ਨਹੀਂ ਹੈ। ਜੋ ਇਹ ਸਮਝ ਜਾਏ ਕਿ ਸਭ ਕੁਝ ਪ੍ਰਮਾਤਮਾ ਦੇ ਹੱਥ ਵਿਚ ਹੈ ਉਹ ਇਸ ਰਸਮੋ-ਰਿਵਾਜ ਦਾ ਪੁਜਾਰੀ ਨਹੀਂ ਹੁੰਦਾ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਵੀ ਬੜਾ ਸੁੰਦਰ ਫੁਰਮਾਨ ਹੈ :-

*"ਜਬ ਆਪਨ ਆਪੁ, ਆਪਿ ਉਰਿਧਾਰੈ ਤਉ ਸਗਨ ਅਪਸਗਨ ਕਹਾ ਬੀਚਾਰੇ॥"*

ਸਭ ਕੁਝ ਪ੍ਰਮਾਤਮਾ ਦੇ ਹੱਥ ਵਿਚ ਹੈ, ਸ਼ਗਨ ਅਪਸ਼ਗਨ ਦੇ ਹੱਥ ਵਿਚ ਕੁਝ ਵੀ ਨਹੀਂ ਅਤੇ ਹਰ ਵਕਤ ਮਨੁੱਖ ਨੂੰ ਆਪਣੀ ਡੋਰੀ ਪ੍ਰਮਾਤਮਾ ਦੇ ਹੱਥ ਵਿਚ ਸੌਂਪ ਕੇ ਰੱਖਣੀ ਚਾਹੀਦੀ ਹੈ। ਇਕ ਐਸਾ ਪੁਰਸ਼ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਲਿਆਂਦਾ ਗਿਆ ਜਿਹਦੇ ਬਾਰੇ ਉਹਦੇ ਸ਼ਰੀਕ ਕਹਿੰਦੇ ਸਨ ਕਿ ਇਹਨੂੰ ਭੂਤ ਚਿੰਬੜੇ ਨੇ, ਇਹਨੂੰ ਪ੍ਰੇਤ ਚਿੰਬੜੇ ਨੇ, ਗੁਰੂ ਸਾਹਿਬ ਇਹ ਭੂਤ ਪ੍ਰੇਤ ਤੁਸੀਂ ਉਤਾਰੋ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਇਸ ਕਥਾ ਨੂੰ ਬੜੇ ਰੌਚਿਕ ਢੰਗ ਨਾਲ ਲਿਖਿਆ ਹੈ, ਸਾਹਿਬਾਂ ਦਾ ਫੁਰਮਾਨ ਕਿ ਜਿਹੜਾ ਇਹ ਪ੍ਰੇਤ ਲੱਗਿਆ, ਸਿੱਖ ਤੁਸੀਂ ਲਿਆਂਦਾ, ਇਹਦੇ ਕੰਠ ਵਿਚ ਜਪੁਜੀ ਨਹੀਂ ਹੋਵੇਗੀ, ਇਹਦੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਨਹੀਂ ਹੋਵੇਗਾ। ਜਿਹਦੇ ਕੰਠ ਵਿਚ ਜਪੁਜੀ ਨਹੀਂ, ਜਿਹਦੇ ਹਿਰਦੇ ਵਿਚ ਪ੍ਰਭੂ ਦਾ ਪਿਆਰ ਨਹੀਂ ਅਜਿਹੇ ਬੰਦਿਆਂ ਨੂੰ ਕੀ ਭੂਤ ਨੇ ਚਿੰਬੜਨਾ ਉਹ ਤੇ ਆਪ ਹੀ ਭੂਤ ਹੁੰਦੇ ਨੇ, ਉਹ ਤੇ ਆਪ ਪ੍ਰੇਤ ਹੁੰਦੇ ਨੇ। ਕਬੀਰ ਦਾ ਵੀ ਕਹਿਣਾ ਹੈ:-ਕਬੀਰ ਜਾ ਘਰ ਸਾਧ ਨ ਸੇਵੀਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥ ਦਰਅਸਲ ਇਹ ਇਕ ਮਾਨਸਿਕ ਕ੍ਰੋਧ ਹੈ, ਤੇ ਉਸ ਵਕਤ ਪੈਦਾ ਹੋ ਜਾਂਦਾ ਹੈ ਜਦ ਮਨੁੱਖ ਪ੍ਰਭੂ ਚਿੰਤਨ

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਤੋਂ ਬਹੁਤ ਦੂਰ ਚਲਾ ਜਾਵੇ ਉਸ ਦੇ ਕੰਠ ਵਿਚ ਗੁਰਦੇਵ ਦੀ ਬਾਣੀ ਨਾ ਹੋਵੇ। ਇਸ ਤਰ੍ਹਾਂ ਦੀਆਂ ਤਮਾਮ ਚੱਲੀਆਂ ਆ ਰਹੀਆਂ ਮਨੌਤਾਂ ਨੂੰ ਸਿੱਖ ਜਗਤ ਵਿਚੋਂ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਿਲਕੁਲ ਕੱਢ ਦਿੱਤਾ।



(4) ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਉਸ ਖਾਕੇ ਵਿਚ ਕਿਹੜਾ ਰੰਗ ਭਰਿਆ ਜਿਸ ਖਾਕੇ ਦਾ ਚਿਤਰਨ ਕੀਤਾ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ। ਧਰਮ ਮੰਦਿਰਾਂ ਦੀ ਉਸਾਰੀ ਦਾ ਜੋ ਜਜ਼ਬਾ ਹੈ ਇਹ ਗੁਰੂ ਰਾਮਦਾਸ ਜੀ ਮਹਾਰਾਜ ਦੀ ਦੇਣ ਹੈ। ਸਤਿਗੁਰੂ ਦਾ ਫੁਰਮਾਨ ਸੀ, ਐ ਸਿੱਖ ਜਿਥੇ ਬੈਠ ਕੇ ਤੂੰ ਪਰਲੋਕ ਸੁਧਾਰਨਾ, ਪ੍ਰਭੂ ਦਾ ਚਿੰਤਨ ਕਰਨਾ ਉਹ ਘਰ ਵੀ ਸੁੰਦਰ ਹੋਵੇ ਤੇ ਤੂੰ ਐਸੇ ਘਰ ਦੀ ਤਾਮੀਰ ਕਰ। ਜਿਨ੍ਹਾਂ ਘਰਾਂ ਉੱਤੇ ਦੂਸਰੇ ਵੀ ਦਾਅਵਾ ਕਰ ਸਕਣ ਜੈਸੇ ਕਿ ਅਸੀਂ ਦੇਖਦੇ ਹਾਂ ਮਹਾਰਾਜ ਨੇ ਧਰਮਸ਼ਾਲਾ ਸਰਾਵਾਂ ਦੀ ਬਾਕਾਇਦਾ ਬੁਨਿਆਦ ਰੱਖ ਕੇ ਤਾਮੀਰ ਸ਼ੁਰੂ ਕਰਾਈ, ਜਿਥੇ ਆਮ ਸਾਧਾਰਨ ਮਨੁੱਖ ਆਰਾਮ ਨਾਲ ਰਹਿ ਸਕਣ, ਮੁਸਾਫਿਰ ਰਹਿ ਸਕਣ, ਜੋ ਸਾਂਝਾ ਘਰ ਹੋਵੇ, ਕਿਸੇ ਇਕ ਵਿਅਕਤੀ ਦਾ ਨਾ ਹੋਵੇ। ਇਸ ਤਰ੍ਹਾਂ ਦੇ ਜਜ਼ਬੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਦੇਣ ਨੇ। ਅਤੇ ਇਹ ਬਰਕਤ ਅਸੀਂ ਦੇਖਦੇ ਹਾਂ ਕਿ ਸਿੱਖ ਦਾ ਆਪਣਾ ਘਰ ਭਾਵੇਂ ਕੱਚਾ ਹੋਵੇ, ਪਰ ਉਹ ਗੁਰੂ ਦਾ ਘਰ ਸੰਗਮਰਮਰ ਦਾ ਦੇਖਣਾ ਚਾਹੁੰਦੈ। ਉਸ ਦੇ ਆਪਣੇ ਘਰ ਵਿਚ ਭਾਵੇਂ ਪਿੱਤਲ ਵੀ ਨਾ ਹੋਵੇ ਪਰ ਗੁਰੂ ਦਾ ਕਲਸ ਉਹ ਸੋਨੇ ਦਾ ਦੇਖਣਾ ਚਾਹੁੰਦੈ। ਇਹ ਉਸ ਦੀ ਸ਼ਰਧਾ ਹੈ, ਭਾਵਨਾ ਹੈ, ਅਤੇ ਇਹ ਜਜ਼ਬਾ ਗੁਰੂ ਰਾਮਦਾਸ ਜੀ ਮਹਾਰਾਜ ਦੀ ਦੇਣ ਹੈ। ਜਿਸ ਮਨੁੱਖ ਦੇ ਅੰਦਰ ਧਰਮ ਮੰਦਿਰਾਂ ਦੀ ਉਸਾਰੀ ਦਾ ਜਜ਼ਬਾ ਖ਼ਤਮ ਹੋ ਜਾਏ, ਸਮਝ ਲੈਣਾ ਚਾਹੀਦਾ, ਉਸ ਦੇ ਅੰਦਰ ਗੁਰੂ ਰਾਮਦਾਸ ਜੀ ਦਾ ਰੰਗ ਨਹੀਂ ਹੈ ਜੋ ਰਸਮੋ-ਰਿਵਾਜ ਜਾਤ-ਪਾਤ ਦਾ ਪੁਜਾਰੀ ਹੋਵੇ ਉਸ ਮਨੁੱਖ ਦੇ ਅੰਦਰ ਗੁਰੂ ਅਮਰਦਾਸ ਜੀ ਦੀ ਛੋਹ ਨਹੀਂ ਹੈ, ਜਿਸ ਸਿੱਖ ਦੇ ਅੰਦਰ ਹੁਕਮ ਮੰਨਣ ਦੀ ਭਾਵਨਾ ਹੀ ਨਾ ਹੋਵੇ, ਸਮਝ ਲੈਣਾ ਚਾਹੀਦਾ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਵਿਚਾਰਧਾਰਾ ਉਸ ਦੇ ਅੰਦਰ ਨਹੀਂ ਵਸੀ।



(5) ਜੋ ਖਾਕਾ ਪੂਰਨ ਮਨੁੱਖ ਦਾ ਗੁਰੂ ਨਾਨਕ ਨੇ ਚਿਤਰਿਆ, ਪੰਜਵੇਂ ਗੁਰੂ ਨਾਨਕ, ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਉਸ ਖਾਕੇ ਵਿਚ ਸ਼ਾਂਤੀ ਦਾ ਰੰਗ ਭਰਿਆ। ਹਰ ਹਾਲਤ ਵਿਚ ਐ ਸਿੱਖ ਤੂੰ ਸ਼ਾਂਤ ਰਹਿਣਾ। ਸ਼ਾਂਤੀ ਦੀ ਬਾਕਾਇਦਾ ਇਕ ਕਸਵੱਟੀ ਹੈ, ਅਗਲਾ ਸਾਹਮਣੇ ਕ੍ਰੋਧੀ ਖੜ੍ਹਾ ਹੋਵੇ ਅਤੇ ਉਹਦੇ ਬੜੇ ਤਪੇ ਹੋਏ ਸ਼ਬਦ ਨਿਕਲ ਰਹੇ ਹੋਣ, ਫਿਰ ਵੀ ਕੋਈ ਸ਼ਾਂਤ ਰਹਿ ਸਕਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਮਨੁੱਖ ਅੰਦਰੋਂ ਸ਼ਾਂਤ ਹੋ ਗਿਆ। ਲੇਕਿਨ ਮਨੁੱਖ ਦੇ ਅੰਦਰ ਬਹੁਤ ਅਗਨ ਹੈ, ਥੋੜ੍ਹਾ ਜਿਹਾ ਛੇੜਨ ਦੀ ਦੇਰ ਹੈ ਮਨੁੱਖ ਦੇ ਅੰਦਰੋਂ ਕ੍ਰੋਧ ਵੀ ਪੈਦਾ ਹੋ ਜਾਂਦਾ ਹੈ, ਲੋਭ ਵੀ ਪੈਦਾ ਹੋ ਜਾਂਦਾ ਹੈ। ਵਾਸ਼ਨਾ ਵੀ ਪੈਦਾ ਹੋ ਜਾਂਦੀ ਹੈ। ਜਿਵੇਂ ਮਾਚਸ ਦੀ ਡੱਬੀ ਵਿਚ ਤਕਰੀਬਨ 60-70 ਤੀਲੀਆਂ ਨੇ, ਮਨੁੱਖ ਦੇ ਅੰਦਰ ਅਣਗਣਿਤ ਚੰਗਿਆੜੀਆਂ ਨੇ, ਬਹੁਤ ਸਾਰੇ ਭਾਂਬੜ ਨੇ, ਬਸ ਉਕਸਾਹਟ ਦੇ ਨਾਲ ਇਹ ਅਗਨ, ਜਿਹੜੀ ਹੈ, ਪੈਦਾ ਹੋ ਜਾਂਦੀ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਕਿੰਨੇ ਸ਼ਾਂਤ ਨੇ ਉਹ ਤੱਤੀ ਤਵੀ 'ਤੇ ਬੈਠ ਕੇ ਵੀ ਸ਼ਾਂਤ ਨੇ। ਅਕਸਰ ਮਨੁੱਖ ਠੰਢੇ ਕਮਰਿਆਂ ਵਿਚ ਬੈਠ ਕੇ ਵੀ ਗਰਮ ਹੋ ਜਾਂਦਾ ਹੈ, ਠੰਢੇ ਪਹਾੜਾਂ 'ਤੇ ਬੈਠ ਕੇ ਵੀ ਕ੍ਰੋਧਿਤ ਹੋ ਜਾਂਦਾ ਹੈ, ਠੰਢੀਆਂ ਛਾਵਾਂ ਥੱਲੇ ਬੈਠ ਕੇ ਵੀ

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਅੰਦਰ ਤ੍ਰਿਸ਼ਨਾ ਦੀ ਅੱਗ, ਕ੍ਰੋਧ ਦੇ ਭਾਂਬੜ ਬਲ ਉਠਦੇ ਨੇ, ਪਰ ਤੱਤੀ ਤਵੀ 'ਤੇ ਬੈਠ ਕੇ ਵੀ ਕੋਈ ਸ਼ਾਂਤ ਰਹਿ ਸਕਦਾ ਹੈ, ਸੀਤਲ ਰਹਿ ਸਕਦਾ ਹੈ ਇਹ, ਗੁਰੂ ਅਰਜਨ ਦੇਵ ਜੀ ਦੀ ਮਹਾਨ ਖ਼ੂਬੀ ਹੈ।



(6) ਸ਼ਾਂਤੀ ਦਾ ਰੰਗ ਜਿੱਥੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਰਿਆ, ਇਸ ਸ਼ਾਂਤੀ ਨੂੰ ਕੋਈ ਬੁਜ਼ਦਿਲੀ ਨਾ ਸਮਝ ਲਵੇ, ਕਾਇਰਤਾ ਨਾ ਸਮਝ ਲਵੇ, ਤਾਂ ਛੇਵੇਂ ਪਾਤਸ਼ਾਹ ਜੀ ਮਹਾਰਾਜ ਨੇ ਕ੍ਰਾਂਤੀ ਦਾ ਰੰਗ ਉਸ ਖਾਕੇ ਵਿਚ ਭਰਿਆ। ਸਿੱਖ ਵਿਚ ਵੀਰ-ਰਸ ਹੋਣਾ ਵੀ ਬੜਾ ਲਾਜ਼ਮੀ ਹੈ, ਪਰ ਉਸ ਦਾ ਵੀਰਰਸ ਸ਼ਾਂਤੀ ਤੋਂ ਪੈਦਾ ਹੋਵੇ, ਜੋ ਵੀਰਰਸ ਸ਼ਾਂਤੀ ਤੋਂ ਜਨਮ ਨਹੀਂ ਲੈਂਦਾ ਉਸ ਨੂੰ ਕ੍ਰੋਧ ਕਹਿੰਦੇ ਨੇ, ਉਹ ਵੀਰਰਸ ਨਹੀਂ ਹੈ। ਕ੍ਰੋਧੀ ਮਨੁੱਖ ਹਮਲਾਵਰ ਹੁੰਦਾ ਹੈ, ਪਰ ਜੋ ਵੀਰ ਰਸ ਆਪਣੇ ਅੰਦਰ ਰੱਖਦਾ ਹੈ ਉਹ ਧਰਮ ਦਾ ਮੁਹਾਫਿਜ਼ ਹੁੰਦਾ, ਕੌਮ ਦਾ ਰਖਵਾਲਾ ਹੁੰਦਾ ਹੈ। ਦੇਸ਼ ਦਾ ਰਖਵਾਲਾ ਹੁੰਦਾ ਹੈ। ਇਸ ਵਾਸਤੇ ਉਹ ਆਪਣੇ ਵੀਰਰਸ ਦਾ ਇਸਤੇਮਾਲ ਕਰਦਾ। ਇਕ ਉੱਘੇ ਲੇਖਕ ਅਤੇ ਇਤਿਹਾਸਕਾਰ ਦਾ ਕਹਿਣਾ ਹੈ ਕਿ ਇਕ ਮੁਗਲ ਸਿਪਾਹਸਲਾਰ ਨੇ, ਵਾਰ-ਵਾਰ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ 'ਤੇ ਪੰਜ ਵਾਰ ਤਲਵਾਰ ਨਾਲ ਵਾਰ ਕੀਤੇ। ਛੇਵੇਂ ਪਾਤਸ਼ਾਹ ਚਾਲ ਨਾਲ ਉਸ ਵਾਰ ਨੂੰ ਰੋਕਦੇ ਰਹੇ। ਉਹ ਵਾਰ ਕਰੀ ਗਿਆ ਤੇ ਸਤਿਗੁਰੂ ਰੋਕਦੇ ਰਹੇ। ਆਖਿਰ ਵਿਚ ਤਲਵਾਰ ਕੱਢ ਕੇ ਇਕ ਵਾਰ ਕੀਤਾ ਤੇ ਜ਼ਬਾਨ 'ਚੋਂ ਇਹ ਪਾਵਨ ਵਚਨ ਉਚਾਰਨ ਕੀਤੇ :-

*"ਚੁਨਾਨਮੀ ਜਦਨ ਜਦਨ ਈ ਅਸਤ॥"*

ਐ ਸਿਪਾਹਸਲਾਰ ਤਲਵਾਰ ਇੰਜ ਨਹੀਂ ਚਲਾਈਦੀ ਇੰਜ ਚਲਾਈਦੀ ਏ। ਮੁਹਸਨਫਾਨੀ ਕਹਿੰਦਾ, ਮੈਦਾਨੇ ਜੰਗ ਵਿਚ ਦੁਸ਼ਮਨ ਨੂੰ ਤਲਵਾਰ ਚਲਾਉਣ ਦੀ ਜਾਚ ਸਿਖਾਣੀ ਐ, ਗੁਰੂ ਹਰਿਗੋਬਿੰਦ ਸਾਹਿਬ ਤੇਰੇ ਹਿੱਸੇ ਆਇਆ, ਤੈਨੂੰ ਦੁਸ਼ਮਣ 'ਤੇ ਵੀ ਤਰਸ ਆ ਗਿਆ ਕਿ ਉਹਨੂੰ ਤਲਵਾਰ ਚਲਾਉਣ ਦੀ ਜਾਚ ਨਹੀਂ ਆਉਂਦੀ, ਇਸ ਵਾਸਤੇ ਉਸ 'ਤੇ ਹਮਲਾ ਨਾ ਕੀਤਾ ਜਾਏ, ਉਸ ਦਾ ਹਮਲਾ ਬਰਦਾਸ਼ਤ ਕੀਤਾ ਜਾਏ। ਉਸ ਦੇ ਹਮਲੇ ਨੂੰ ਰੋਕਿਆ ਤਾਂ ਹੈ, ਤਲਵਾਰ ਦਾ ਵਾਰ ਇਸ ਵਾਸਤੇ ਨਾ ਕੀਤਾ, ਤਰਸ ਆ ਗਿਆ ਕਿ ਇਹ ਮੈਦਾਨੇ ਜੰਗ ਵਿਚ ਤਾਂ ਆ ਗਿਆ, ਪਰ ਇਸ ਨੂੰ ਤਲਵਾਰ ਚਲਾਉਣ ਦੀ ਜਾਚ ਨਹੀਂ ਆਉਂਦੀ। ਕੋਈ ਮੈਦਾਨੇ ਜੰਗ ਵਿਚ ਵੀ ਰਹਿਮ-ਦਿਲੀ ਪ੍ਰਗਟ ਕਰ ਸਕਦਾ ਹੈ, ਕੋਈ ਮੈਦਾਨੇ ਜੰਗ ਵਿਚ ਦੁਸ਼ਮਣ ਨੂੰ ਤਲਵਾਰ ਚਲਾਉਣ ਦੀ ਜਾਚ ਸਿਖਾ ਸਕਦਾ ਹੈ, ਇਹ ਹਰਿਗੋਬਿੰਦ ਮਹਾਰਾਜ ਜੀ ਦੇ ਹਿੱਸੇ ਆਇਆ, ਕ੍ਰਾਂਤੀ ਦਾ ਰੰਗ, ਵੀਰਰਸ ਦਾ ਰੰਗ, ਉਸ ਖਾਕੇ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਭਰਿਆ। ਜਿਸ ਸਿੱਖ ਦੇ ਅੰਦਰ, ਸਵੈ-ਮਾਣ, ਅਣਖ, ਖ਼ੁਦਦਾਰੀ ਤੇ ਵੀਰਰਸ ਖਤਮ ਹੋ ਜਾਏ, ਸਮਝ ਲੈਣਾ ਚਾਹੀਦਾ ਕਿ ਉਸ ਸਿੱਖ ਦੇ ਅੰਦਰ ਛੇਵੇਂ ਪਾਤਸ਼ਾਹ ਦਾ ਰੰਗ ਨਹੀਂ ਹੈ। ਗੁਰੂ ਹਰਿਗੋਬਿੰਦ ਜੀ ਮਹਾਰਾਜ ਦੀ ਜਿਹੜੀ ਦੇਣ ਹੈ, ਉਹਨੂੰ ਇਹ ਗੁਆ ਬੈਠਾ ਹੈ।

(7) ਸੱਤਵੇਂ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ, ਉਸ ਖਾਕੇ ਵਿਚ ਜਿਹੜਾ ਰੰਗ ਭਰਿਆ, ਇਤਿਹਾਸ ਦਾ ਥੋੜ੍ਹਾ ਜਿਹਾ ਅਧਿਐਨ ਕਰੀਏ, ਗੱਲ ਇਕਦਮ ਸਪੱਸ਼ਟ ਹੋ ਜਾਂਦੀ ਹੈ, ਗੁਰੂ ਹਰਿ ਰਾਇ ਸਾਹਿਬ ਜੀ ਨੇ ਇਸ ਗੱਲ ਉੱਤੇ ਬਹੁਤ ਜ਼ੋਰ ਦਿੱਤਾ ਕਿ ਸਿੱਖ ਨੁਮਾਇਸ਼ੀ ਨਾ ਬਣੇ, ਪ੍ਰਦਰਸ਼ਨੀ ਨਾ ਕਰੇ। ਨੁਮਾਇਸ਼ ਲਫਜ਼ ਹੈ ਫਾਰਸੀ ਦਾ, ਇਹਦਾ ਮਤਲਬ ਹੈ, ਉਹ ਪ੍ਰਗਟ ਕਰਨਾ ਜੋ ਕੁਝ ਕਿ ਇਹ ਨਹੀਂ ਹੈ, ਆਲਮਾਂ ਦਾ ਉਂਜ ਇਹ ਵੀ ਕਹਿਣਾ ਹੈ ਕਿ ਅਕਸਰ ਮਨੁੱਖ ਐਸਾ ਕਰਦਾ ਹੈ ਜੋ ਕੁਝ ਇਹ ਨਹੀਂ ਹੈ, ਉਸ ਨੂੰ ਇਹ ਪ੍ਰਗਟ

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਕਰਦਾ ਹੈ। ਜੋ ਕੁਝ ਇਹ ਹੈ ਉਸ ਦੇ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦਾ ਹੈ, ਮਨੁੱਖ ਦੀ ਬਹੁਤ ਸਾਰੀ ਸ਼ਕਤੀ ਬਹੁਤ ਸਾਰਾ ਸਮਾਂ ਇਸ ਗੱਲ ਵਿਚ ਨਸ਼ਟ ਹੋ ਜਾਂਦਾ ਹੈ ਕਿ ਜੋ ਕੁਝ ਇਹ ਹੈ ਉਹਨੂੰ ਛੁਪਾਉਣਾ ਚਾਹੁੰਦੈ, ਉਸ 'ਤੇ ਪਰਦੇ ਪਾਉਣਾ ਚਾਹੁੰਦੈ ਅਤੇ ਜੋ ਕੁਝ ਇਹ ਨਹੀਂ ਹੈ ਉਸ ਨੂੰ ਪ੍ਰਗਟ ਕਰਨਾ ਚਾਹੁੰਦੈ, ਗੁਰੂ ਹਰ ਰਾਇ ਸਾਹਿਬ ਜੀ ਮਹਾਰਾਜ ਨੇ ਫੁਰਮਾਨ ਕੀਤਾ :-ਜੋ ਕੁਝ ਤੂੰ ਹੈ, ਉਸ ਨੂੰ ਹੀ ਪ੍ਰਗਟ ਕਰ ਅਤੇ ਜੋ ਕੁਝ ਤੂੰ ਨਹੀਂ ਹੈ, ਉਸ ਨੂੰ ਪ੍ਰਗਟ ਨਾ ਕਰ॥" ਜੋ ਕੁਝ ਤੂੰ ਹੈਂ ਉਸ ਉੱਤੇ ਪਰਦੇ ਨਾ ਪਾ। ਉਹਨੂੰ ਛੁਪਾਉਣ ਦੀ ਕੋਸ਼ਿਸ਼ ਨਾ ਕਰ, ਤੂੰ ਨੁਮਾਇਸ਼ੀ ਨਾ ਬਣ, ਤੂੰ ਆਪਣੇ ਆਪ ਦੀ ਪ੍ਰਦਰਸ਼ਨੀ ਨਾ ਕਰ। ਨੁਮਾਇਸ਼ੀ ਮਨੁੱਖ ਦੀ ਹਰ ਕ੍ਰਿਤ ਵਿਚ ਨੁਮਾਇਸ਼ ਹੀ ਹੁੰਦੀ ਹੈ। ਉਹਦਾ ਹਾਸਾ ਦਿਖਾਵੇ ਦਾ, ਉਸ ਦਾ ਰੋਣਾ ਵੀ ਦਿਖਾਵੇ ਦਾ ਹੁੰਦਾ ਹੈ। ਉਹਦੀ ਚਾਲ ਵਿਚ ਦਿਖਾਵਾ, ਉਹਦੇ ਪਹਿਰਾਵੇ ਵਿਚ ਦਿਖਾਵਾ ਹੁੰਦਾ ਹੈ। ਉਹਦੇ ਖਾਣੇ ਵਿਚ ਦਿਖਾਵਾ, ਉਹਦੇ ਪੀਣੇ ਵਿਚ ਦਿਖਾਵਾ ਤੇ ਕਈ ਦਫ਼ਾ ਇਹ ਦਿਖਾਵਾ, ਇਸ ਹੱਦ ਤੱਕ ਵਧ ਜਾਂਦਾ ਹੈ ਕਿ ਉਹਦੀ ਬੰਦਗੀ ਵਿਚ ਵੀ ਦਿਖਾਵਾ ਆ ਜਾਂਦਾ ਹੈ। ਉਹਦੇ ਹਰ ਕਰਮ ਵਿਚ ਦਿਖਾਵਾ ਹੀ ਦਿਖਾਵਾ ਆ ਜਾਂਦਾ ਹੈ। ਸਾਹਿਬ ਕਹਿੰਦੇ, "ਨਹੀਂ, ਇਹ ਨੁਮਾਇਸ਼ੀ ਜ਼ਿੰਦਗੀ ਨਹੀਂ ਚਾਹੀਦੀ"। ਭਗਤ ਕਬੀਰ ਦਾ ਇਕ ਬੜਾ ਸੁੰਦਰ ਵਾਕ ਹੈ ਕਿ :-



*ਨਾਨਕੁ ਕਾਟੀ, ਕਾਨਹੁ ਕਾਟੀ, ਕਾਟਿ ਕੂਟਿ ਕੈ ਡਾਰੀ॥*
*ਕਹੁ ਕਬੀਰ ਸੰਤਨ ਕੀ ਬੈਰਨਿ, ਤੀਨਿ ਲੋਕ ਕੀ ਪਿਆਰੀ॥*

ਭਗਤ ਕਬੀਰ ਕਹਿੰਦੇ ਨੇ ਇਹ ਜੋ ਮਾਇਆ ਹੈ ਮੈਂ ਇਸ ਦਾ ਨੱਕ ਕੱਟ ਦਿੱਤਾ, ਕੰਨ ਕੱਟ ਦਿੱਤਾ। ਪਰ ਸੁਆਲ ਇਹ ਪੈਦਾ ਹੁੰਦਾ ਹੈ ਕਿ ਭਗਤ ਜੀ ਤੁਸੀਂ ਗਰਦਨ ਕਿਉਂ ਨਹੀਂ ਕੱਟੀ, ਗਰਦਨ ਕੱਟਣੀ ਸੀ ਔਰ ਭੋਗ ਪਾ ਦੇਣਾ ਸੀ। ਪਰ ਕਬੀਰ ਕਹਿੰਦੇ ਨੇ, ਮਾਇਆ ਦੀ ਗਰਦਨ ਹੈ ਈ ਨਹੀਂ, ਮੈਂ ਕੱਟਾਂ ਕਿਸ ਤਰ੍ਹਾਂ, ਉਸ ਦਾ ਤੇ ਸਿਰਫ਼ ਨੱਕ ਹੈ, ਉਸ ਦਾ ਤੇ ਸਿਰਫ਼ ਕੰਨ ਹੈ। ਮੈਂ ਦੋਨੋਂ ਕੰਨ ਕੱਟ ਦਿੱਤੇ ਨੇ, ਮੈਂ ਉਸ ਦੀ ਨੱਕ ਕੱਟ ਦਿੱਤਾ ਹੈ। ਦਰਅਸਲ ਜੋ ਰੂਪ ਕਬੀਰ ਪੇਸ਼ ਪਏ ਕਰਦੇ ਨੇ, ਮਾਇਆਧਾਰੀ ਦਾ ਸਿਰਫ਼ ਨੱਕ ਹੀ ਹੁੰਦਾ ਹੈ ਅਤੇ ਕੰਨ ਹੀ ਹੁੰਦਾ ਹੈ, ਭਾਵ ਉਹ ਜੋ ਕੰਮ ਵੀ ਕਰਦਾ ਨੱਕ ਰੱਖਣ ਵਾਸਤੇ ਹੀ ਕਰਦਾ ਅਤੇ ਕੰਨਾਂ ਨਾਲ ਫਿਰ ਆਪਣੀ ਸ਼ੋਭਾ ਸੁਣਦਾ ਹੈ। ਕਬੀਰ ਕਹਿੰਦੇ ਨੇ ਮੈਂ ਜੋ ਕੁਝ ਵੀ ਕਰਦਾਂ, ਨੱਕ ਰੱਖਣ ਵਾਸਤੇ ਨਹੀਂ ਕਰਦਾ ਔਰ ਮੈਂ ਕੰਨਾਂ ਦੇ ਨਾਲ ਆਪਣੀ ਸ਼ੋਭਾ ਵੀ ਨਹੀਂ ਸੁਣਦਾ। ਨੁਮਾਇਸ਼ੀ ਬੰਦੇ ਦੀ ਇਹ ਪਹਿਚਾਣ ਹੈ, ਉਹ ਜੋ ਕੁਝ ਵੀ ਕੰਮ ਕਰਨਾ ਚਾਹੁੰਦਾ ਬਸ ਨੱਕ ਰੱਖਣਾ ਹੈ। ਗੁਰੂ, ਪ੍ਰਮਾਤਮਾ, ਕਰਮ, ਧਰਮ, ਇਹ ਕੋਈ ਮਾਅਨੇ ਨਹੀਂ ਰੱਖਦੇ, ਉਸ ਦਾ ਨੱਕ ਵੀ ਬਹੁਤ ਵੱਡਾ ਹੈ, ਉਹ ਹਰ ਕੰਮ ਵਿਚ ਆਪਣੇ ਨੱਕ ਨੂੰ ਹੀ ਅੱਗੇ ਰੱਖਣਾ ਚਾਹੁੰਦਾ, ਉਹ ਕਹਿੰਦਾ ਮੇਰੀ ਨੱਕ ਰਹਿ ਜਾਣੀ ਚਾਹੀਦੀ ਹੈ, ਧਰਮ ਰਹੇ ਭਾਵੇਂ ਨਾ ਰਹੇ, ਸਚਾਈ ਰਹੇ ਚਾਹੇ ਨਾ ਰਹੇ, ਗੁਰੂ ਦੀ ਹੋਂਦ ਰਹੇ ਚਾਹੇ ਨਾ ਰਹੇ, ਪਰ ਮੇਰਾ ਨੱਕ ਰਹਿਣਾ ਚਾਹੀਦਾ ਏ, ਜਦ ਨੱਕ ਰੱਖਣ ਦੀ ਕੋਸ਼ਿਸ਼ ਕਰਦਾ ਤੇ ਕੰਨਾਂ ਨਾਲ ਫਿਰ ਸ਼ੋਭਾ ਸੁਣਨ ਦੀ ਵੀ ਉਸ ਦੇ ਅੰਦਰ ਭੁੱਖ ਹੁੰਦੀ ਹੈ। ਕਬੀਰ ਕਹਿੰਦਾ ਹੈ ਕਿ ਮੈਂ ਹੁਣ ਕੰਨਾਂ ਨਾਲ ਆਪਣੀ ਸ਼ੋਭਾ ਨਹੀਂ ਸੁਣਦਾ, ਤੇ ਮੈਂ ਨੱਕ ਰੱਖਣ ਵਾਸਤੇ ਕੰਮ ਨਹੀਂ ਕਰਦਾ। ਮੈਂ ਤੇ ਸੱਚਾਈ ਨੂੰ ਮੁੱਖ ਰੱਖ ਕੇ ਹੀ ਕੰਮ ਕਰਦਾ ਹਾਂ। ਈਸ਼ਵਰ ਨੂੰ ਮੁੱਖ ਰੱਖ ਕੇ ਹੀ ਕੰਮ ਕਰਦਾ ਹਾਂ। ਗੁਰੂ ਹਰਿ ਰਾਇ ਮਹਾਰਾਜ ਜੀ ਦਾ ਇਹ ਕਹਿਣਾ ਹੈ, ਐ ਸਿੱਖ ਤੂੰ ਨੱਕ ਰੱਖਣ ਵਾਸਤੇ ਕੰਮ ਨਹੀਂ ਕਰਨਾ, ਤੂੰ ਸੱਚ ਨੂੰ ਰੱਖਣ ਵਾਸਤੇ, ਸਚਾਈ ਨੂੰ ਰੱਖਣ ਵਾਸਤੇ, ਧਰਮ ਨੂੰ ਰੱਖਣ ਵਾਸਤੇ ਕਰਮ ਕਰਨਾ ਔਰ ਤੂੰ ਨੁਮਾਇਸ਼ੀ ਨਾ ਬਣ। ਇਸ ਤਰ੍ਹਾਂ ਦੀ ਸਾਦਗੀ ਦਾ ਜੋ ਰੰਗ ਹੈ, ਹਕੀਕੀ ਜੋ ਰੰਗ ਹੈ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ ਨੇ ਉਸ ਖਾਕੇ ਵਿਚ ਭਰਿਆ।

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

(8) ਬਾਲਾ ਪ੍ਰੀਤਮ, ਬਾਲ ਉਮਰ ਦੇ ਗੁਰੂ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਅੱਠਵੇਂ ਗੁਰੂ ਨਾਨਕ ਨੇ ਉਸ ਖਾਕੇ ਵਿਚ ਕਿਹੜਾ ਰੰਗ ਭਰਿਆ? ਇਹ ਗੱਲ ਵੀ ਕਾਬਲੇਸੁਨੀਦ ਹੈ, ਸਾਡੇ ਦੇਸ਼ ਦੇ ਚੰਦ ਆਲਮਾਂ ਦਾ ਐਸਾ ਕਹਿਣਾ ਹੈ ਕਿ ਬਜ਼ੁਰਗੀ ਜਿਹੜੀ ਹੈ, 35 ਸਾਲ ਤੋਂ ਸ਼ੁਰੂ ਹੁੰਦੀ ਹੈ, 35 ਸਾਲ ਤੋਂ ਉੱਪਰ। ਜਿਸ ਦੀ ਉਮਰ ਥੱਲੇ ਹੈ, ਘੱਟ ਹੈ ਉਹਦੇ ਬੋਲ ਵਿਚ ਬਚਪਨਾ ਹੋਵੇਗਾ ਉਹਦੇ ਬੋਲ ਸਹੀ ਨਹੀਂ ਹੋਣਗੇ, ਉਹਦੀ ਗੱਲ ਵਿਚ ਵਜ਼ਨ ਨਹੀਂ ਹੋਵੇਗਾ, ਉਹਦੇ ਵਚਨਾਂ ਵਿਚ ਦੂਰ-ਦ੍ਰਿਸ਼ਟੀ ਨਹੀਂ ਹੋਵੇਗੀ। ਇਸ ਵਾਸਤੇ ਸਾਡੇ ਦੇਸ਼ ਦੇ ਆਲਮਾਂ ਦਾ ਪ੍ਰਾਚੀਨ ਸਮੇਂ ਤੋਂ ਨਾਅਰਾ ਰਿਹਾ ਕਿ ਜਿਸ ਨੂੰ ਸਮਾਜ ਦਾ ਮੁਖੀ ਬਣਾਉਣਾ, ਧਰਮ ਦਾ ਮੁਖੀ ਬਣਾਉਣਾ ਰਾਜਨੀਤੀ ਦਾ ਮੁਖੀ ਬਣਾਉਣਾ ਉਸ ਦੀ ਉਮਰ ਘੱਟ ਤੋਂ ਘੱਟ 35 ਸਾਲ ਹੋਣੀ ਚਾਹੀਦੀ ਹੈ; ਜਾਂ 35 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। 35 ਸਾਲ ਤੋਂ ਬਿਲਕੁਲ ਥੱਲੇ ਨਾ ਹੋਵੇ, ਕਿਉਂਕਿ ਉਹ ਬੱਚਾ ਏ, ਉਹਦੀ ਗੱਲ ਵਿਚ ਵਜ਼ਨ ਨਹੀਂ ਹੋਵੇਗਾ, ਔਰ ਉਹ ਦੂਰ-ਦ੍ਰਿਸ਼ਟ ਨਹੀਂ ਹੋਵੇਗਾ, ਬਜ਼ੁਰਗੀ ਨੂੰ ਉਮਰ ਦੇ ਨਾਲ ਮਾਪਣ ਦਾ ਇਹ ਰਿਵਾਜ ਚੱਲਿਆ। ਗੁਰੂ ਘਰ ਨੇ ਇਸ ਗੱਲ ਨੂੰ ਨਹੀਂ ਮੰਨਿਆ ਕਿ ਸਰੀਰਕ ਉਮਰ ਦੇ ਨਾਲ ਹੀ ਅਕਲ ਦਾ ਸਬੰਧ ਹੈ, ਇਸ ਗੱਲ ਨੂੰ ਨਹੀਂ ਮੰਨਿਆ। ਈਰਾਨ ਦੇ ਪ੍ਰਸਿੱਧ ਸੰਤ, ਸ਼ੇਖ ਸਾਦੀ ਸਾਹਿਬ ਜੀ ਤਕਰੀਬਨ ਤਕਰੀਬਨ ਗੁਰੂ ਘਰ ਨਾਲ ਸਹਿਮਤ ਨੇ ਆਪ ਦਾ ਕਹਿਣਾ ਹੈ :-ਬਜ਼ੁਰਗੀ ਬਾ ਅਕਲ ਅਸਤ ਨਾ ਕਿ ਬਸਾਲ ਤਵੰਗਰੀ ਬਾਕਲ ਅਸਤ ਨਾ ਕਿ ਬਸਾਲ ਉਹ ਕਹਿੰਦੇ ਨੇ ਕਿ ਬਜ਼ੁਰਗੀ ਦਾ ਸਬੰਧ ਅਕਲ ਨਾਲ ਹੈ ਉਮਰ ਦੇ ਨਾਲ ਨਹੀਂ। ਕਿਸੇ ਹੱਦ ਤੱਕ ਅੱਜ ਸਾਇੰਸ ਵੀ ਸਹਿਮਤ ਹੋ ਗਈ ਹੈ ਕਿ ਮਨੁੱਖ ਦੀ ਸਰੀਰਕ ਉਮਰ ਤਾਂ 80 ਸਾਲ ਦੀ ਹੋ ਜਾਂਦੀ ਹੈ ਲੇਕਿਨ ਦਿਮਾਗੀ ਉਮਰ 12 ਸਾਲ ਦੀ, 13 ਸਾਲ ਦੀ, 11 ਸਾਲ ਦੀ, 10 ਸਾਲ ਦੀ ਹੀ ਰਹਿ ਜਾਂਦੀ ਹੈ। ਦਿਮਾਗ਼ੀ ਤੌਰ 'ਤੇ ਮਨੁੱਖ, ਪੂਰਨ ਤੌਰ 'ਤੇ ਉੱਨਤ ਨਹੀਂ ਹੁੰਦਾ, ਸਰੀਰਕ ਤੌਰ 'ਤੇ ਤਾਂ ਭਾਵੇਂ ਉੱਨਤ ਹੋ ਗਿਆ। 60 ਸਾਲ ਦਾ ਹੋ ਗਿਆ, 70 ਸਾਲ ਦਾ ਹੋ ਗਿਆ, ਪਰ ਦਿਮਾਗ਼ 15 ਸਾਲ 'ਤੇ ਹੀ ਰੁਕ ਗਿਆ। 12 ਸਾਲ 'ਤੇ ਰੁਕ ਗਿਆ। ਇਸ ਵਾਸਤੇ ਕਈ ਦਫ਼ਾ ਦੇਖਣ ਵਿਚ ਆਉਂਦਾ ਹੈ ਕਿ ਬੁੱਢੇ ਬੰਦੇ ਵੀ ਬੱਚਿਆਂ ਵਾਲੀਆਂ ਗੱਲਾਂ ਕਰਦੇ ਨੇ। ਇਸ ਕਰਮ ਦਾ ਪ੍ਰਤੀਕਰਮ ਵੀ ਹੋ ਸਕਦਾ, ਇਸ ਦਾ ਉਲਟ ਵੀ ਹੋ ਸਕਦਾ। ਲਾਜ਼ਮੀ ਜੇ ਦਿਨ ਹੈ, ਰਾਤ ਹੈ, ਜੇ ਰਾਤ ਹੈ ਤਾਂ ਦਿਨ ਹੈ। ਜੇ 80 ਸਾਲ ਦੇ ਬੁੱਢੇ ਅੰਦਰ ਬੱਚਿਆਂ ਵਾਲੀ ਅਕਲ ਹੋ ਸਕਦੀ ਹੈ ਤਾਂ ਕਿਸੇ ਬੱਚੇ ਦੇ ਅੰਦਰ ਵੀ ਬਜ਼ੁਰਗਾਂ ਵਾਲੀ ਅਕਲ ਹੋ ਸਕਦੀ ਹੈ। ਇਸ ਤੋਂ ਉਲਟ ਵੀ ਐਸਾ ਹੋ ਸਕਦਾ ਹੈ, ਜੇ ਬਹੁਤ ਸਾਰੇ ਬੁੱਢੇ ਬੱਚਿਆਂ ਵਾਲੀ ਤਬੀਅਤ ਦੇ ਮਿਲਦੇ ਨੇ ਤਾਂ ਸੰਸਾਰ ਦੇ ਕੁਝ ਐਸੇ ਬੱਚੇ ਵੀ ਹੁੰਦੇ ਨੇ ਜਿਨ੍ਹਾਂ ਦੀ ਤਬੀਅਤ ਵਿਚ ਬਜ਼ੁਰਗੀ ਹੁੰਦੀ ਹੈ, ਜਿਨ੍ਹਾਂ ਦੀ ਸੋਚਣੀ ਵਿਚ ਬਜ਼ੁਰਗੀ ਹੁੰਦੀ ਹੈ। ਇਹ ਗੱਲ ਤੇ ਸਪੱਸ਼ਟ ਹੋ ਗਈ ਕਿ ਸਰੀਰਕ ਉਮਰ ਦੇ ਨਾਲ-ਨਾਲ ਦਿਮਾਗ਼ੀ ਉਮਰ ਵੀ ਪੂਰਨ ਤੌਰ 'ਤੇ ਵਧ ਰਹੀ ਹੋਵੇ, ਐਸਾ ਲਾਜ਼ਮੀ ਨਹੀਂ। ਐਸਾ ਜ਼ਰੂਰੀ ਨਹੀਂ, ਪਰ ਹੁਣ ਸਾਨੂੰ ਪਤਾ ਕਿਸ ਤਰ੍ਹਾਂ ਚੱਲੇਗਾ ਕਿ ਇਹ ਬੰਦਾ ਬੱਚਾ ਏ, ਇਹ ਬੱਚਾ, ਬਜ਼ੁਰਗ ਏ। ਉਮਰ ਕਰਕੇ ਤੇ ਸਾਫ਼ ਪਤਾ ਚੱਲ ਜਾਂਦਾ, ਉਸ ਦਾ ਭੇਸ, ਭਾਸ਼ਾ, ਰੰਗ-ਰੂਪ, ਨਕਸ਼-ਨੁਹਾਰ ਦੱਸ ਦਿੰਦੇ ਨੇ ਬਈ ਇੰਨੀ ਉਮਰ ਦਾ ਹੋਵੇਗਾ। ਪਰ ਜੇ ਹੁਣ ਉਮਰ ਕਰਕੇ ਮਾਪਣਾ ਵੀ ਨਹੀਂ, ਸਰੀਰ ਕਰਕੇ ਮਾਪਣਾ ਵੀ ਨਹੀਂ, ਅਕਲ ਕਰਕੇ ਮਾਪਣਾ, ਤਾਂ ਫਿਰ ਕਿਸ ਤਰ੍ਹਾਂ ਪਤਾ ਚੱਲੇਗਾ ਕਿ ਇਹ ਬਜ਼ੁਰਗ ਏ, ਇਹ ਬੱਚਾ ਏ? ਬੱਚੇ ਦੀ ਪਹਿਚਾਣ ਇਹ ਹੁੰਦੀ ਹੈ ਕਿ ਉਸ ਦੇ ਅੰਦਰ ਖੇਡਣ ਦੀ ਰੁਚੀ ਬੜੀ ਪਰਬਲ ਹੁੰਦੀ ਹੈ, ਖੇਡਣ ਦੀ ਰੁਚੀ ਕਰਕੇ ਉਹ ਖਿਡਾਉਣਿਆਂ ਦੀ ਮੰਗ



www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਕਰਦਾ, ਉਹਨੂੰ ਖਿਡਾਉਣੇ ਚਾਹੀਦੇ ਔਰ ਐਸਾ ਨਹੀਂ ਕਿ ਸਿਰਫ਼ ਉਸ ਨੇ ਖਿਡਾਉਣਿਆਂ ਨਾਲ ਈ ਖੇਡਣਾ, ਉਹਨੇ ਹਰ ਚੀਜ਼ ਨੂੰ ਖਿਡਾਉਣਾ ਬਣਾਉਣਾ। ਕੀਮਤੀ ਤੋਂ ਕੀਮਤੀ ਵਸਤੂ ਵੀ ਬੱਚਿਆਂ ਦੇ ਸਾਹਮਣੇ ਖਿਡਾਉਣਾ ਹੈ। ਉਹ ਕੀਮਤੀ ਚੀਜ਼ ਨਾਲ ਵੀ ਖੇਡਣ ਲੱਗ ਪੈਣਗੇ। ਜੇ ਘਰ ਵਿਚ ਕੋਈ ਖਿਡਾਉਣਾ ਨਾ ਹੋਵੇ ਤਾਂ ਮਾਸੂਮ ਬੱਚਾ ਕਈ ਵਾਰ ਪਿਉ ਨੂੰ ਵੀ ਕਹਿ ਦਿੰਦਾ, ਤੂੰ ਘੋੜਾ ਬਣ, ਮੈਂ ਤੇਰੀ ਪਿੱਠ ’ਤੇ ਬੈਠਣਾ। ਪਿਉ ਵੀ ਖਿਡਾਉਣਾ ਬਣ ਜਾਂਦਾ, ਮਾਂ ਵੀ ਖਿਡਾਉਣਾ ਬਣ ਜਾਂਦੀ ਹੈ। ਬੱਚਾ ਐਸਾ ਕਰ ਲੈਂਦਾ, ਜਿਹਦੀ ਦ੍ਰਿਸ਼ਟੀ ’ਚ ਪਿਉ ਖਿਡਾਉਣਾ, ਮਾਂ ਖਿਡਾਉਣਾ, ਉਹਨੇ ਗੁਰੂ ਨੂੰ ਵੀ ਖਿਡਾਉਣਾ ਸਮਝਣਾ, ਪ੍ਰਮਾਤਮਾ ਨੂੰ ਵੀ ਖਿਡਾਉਣਾ ਸਮਝਣਾ। ਭਗਤ ਕਬੀਰ ਦਾ ਤਾਂ ਐਸਾ ਕਹਿਣਾ ਹੈ ਕਿ ਬਹੁਤ ਸਾਰੇ ਲੋਕ ਪ੍ਰਮਾਤਮਾ ਨੂੰ ਖਿਡਾਉਣਾ ਹੀ ਸਮਝਦੇ ਨੇ :-ਮਾਥੇ ਤਿਲਕੁ ਹਥਿ ਮਾਲਾ ਬਾਨਾ॥ ਲੋਗਨ ਰਾਮੁ ਖਿਲਉਨਾ ਜਾਨਾਂ॥ ਸੰਸਾਰ ਦੇ ਇਤਿਹਾਸ ਵਿਚ ਅਣਗਣਿਤ ਐਸੇ ਬੁੱਢੇ ਮਿਲਦੇ ਨੇ ਜਿਨ੍ਹਾਂ ਦੇ ਅੰਦਰ ਬਚਪਨ ਹੈ, ਪਰ ਕੁਝ ਐਸੇ ਬੱਚੇ ਵੀ ਹੋਏ ਨੇ ਜਿਨ੍ਹਾਂ ਦੇ ਅੰਦਰ ਬਜ਼ੁਰਗੀ ਕੁੱਟ-ਕੁੱਟ ਕੇ ਭਰੀ ਹੋਈ ਸੀ, ਜਿਨ੍ਹਾਂ ਦੇ ਅੰਦਰ ਦੂਰ-ਦ੍ਰਿਸ਼ਟੀ ਕੁੱਟ-ਕੁੱਟ ਕੇ ਭਰੀ ਹੋਈ ਸੀ। ਪ੍ਰਾਚੀਨ ਇਤਿਹਾਸ ਪੜ੍ਹੀਏ ਤਾਂ ਧਰੂ ਤੇ ਪ੍ਰਹਿਲਾਦ ਦੀ ਕੋਈ ਖਾਸ ਉਮਰ ਨਹੀਂ ਹੈ, ਪ੍ਰਹਿਲਾਦ 5 ਸਾਲ ਦਾ ਧਰੂ 5 ਸਾਲ ਦਾ-ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ॥ ਹਰਿ ਸਿਮਰਤ ਅਮਰ ਅਟਾਰੇ॥ ਸਰੀਰ ਕਰਕੇ ਇਹ ਬੱਚੇ ਨੇ, ਪਰ ਅਕਲ ਕਰਕੇ ਇਹ ਬਜ਼ੁਰਗ ਨੇ, ਮਹਾਨ ਨੇ, 80 ਸਾਲ ਦਾ ਹਰਣਾਖਸ਼ ਆਪਣੇ ਬੱਚੇ ਪ੍ਰਹਿਲਾਦ ਨੂੰ ਕਹਿੰਦਾ ਕਿ ਤੂੰ ਰਸਨਾ ਦੇ ਨਾਲ ਇਹ ਜਾਪੁ ਜਪ, “ਜਲੇ ਹਰਣਾਖਸ, ਥਲੇ ਹਰਣਾਖਸ਼” ਤੇ ਪੰਜ ਸਾਲ ਦੇ ਪ੍ਰਹਿਲਾਦ ਕਹਿੰਦੇ ਨੇ, ਬਾਪੂ ਕੀ ਬੱਚਿਆਂ ਵਾਲੀ ਗੱਲ ਕਰਦੇ ਹੋ :-ਜਲ ਹੈ ਰਾਮ ਥਲ ਹੈ ਰਾਮ ਹੁਣ 80 ਸਾਲ ਦਾ ਇਹ ਬੁੱਢਾ, ਬੱਚਿਆਂ ਵਾਲੀ ਗੱਲ ਕਰਦਾ ਤੇ ਪੰਜ ਸਾਲ ਦਾ ਜੋ ਬੱਚਾ ਹੈ, ਇਹ ਬਜ਼ੁਰਗਾਂ ਵਾਲੀ ਗੱਲ ਕਰਦਾ। ਅਕਸਰ ਐਸਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਪੁੱਛੀਏ, ਨਾਮ ਕਿਵੇਂ ਜਪੀਏ, ਬੰਦਗੀ ਕਿਵੇਂ ਕਰੀਏ ਤਾਂ ਬੜੇ ਸੁੰਦਰ ਬੋਲ ਦਰਜ ਨੇ ਭਗਤ ਕਬੀਰ ਦੇ :-“ਰਾਮ ਜਪਉ ਜੀਅ ਐਸੇ ਐਸੇ। ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥” ਐ 80 ਸਾਲ ਦੇ ਬੁੱਢੇ ਪ੍ਰਮਾਤਮਾ ਦਾ ਨਾਮ ਇੰਜ ਜਪ ਜਿਵੇਂ 5 ਸਾਲ ਦੇ ਪ੍ਰਹਿਲਾਦ ਨੇ ਜਪਿਆ ਜਿਵੇਂ ਪੰਜ ਸਾਲ ਦੇ ਧ੍ਰੂ ਨੇ ਜਪਿਆ। ਇਹ ਉਮਰ ਕਰਕੇ ਬਿਲਕੁਲ ਬੱਚੇ ਨੇ, ਸੰਸਾਰ ਦੇ ਕੁਝ ਬੱਚੇ ਅਜਿਹੇ ਨੇ ਜੋ ਪੂਰਨ ਭਗਤ ਹੋਏ ਨੇ, ਇਕ ਬੱਚਾ ਅਜਿਹਾ ਹੋਇਆ ਜੋ ਪੂਰਨ ਸਿੱਖ ਸੀ, ਪੂਰਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੰਗਲ ਵਿਚ ਬੈਠੇ ਸਨ। ਇਸ ਬਾਲਕ ਨੇ ਮਿੱਸੇ ਪ੍ਰਸਾਦੇ ਅਤੇ ਲੱਸੀ ਦਾ ਭਰਿਆ ਹੋਇਆ ਲੋਟਾ ਗੁਰੂ ਨਾਨਕ ਦੇ ਅੱਗੇ ਰੱਖਿਆ। ਸਤਿਗੁਰੂ ਨੇ ਪ੍ਰਸਾਦੇ ਛਕ ਲਏ, ਲੱਸੀ ਪੀ ਲਈ, ਭਾਂਡੇ ਵਾਪਸ ਕੀਤੇ। ਆਖਿਆ ਬਾਲਕ ਅਸੀਂ ਤ੍ਰਿਪਤ ਹੋ ਗਏ ਹਾਂ, ਤੂੰ ਆਪਣੇ ਭਾਂਡੇ ਚੁੱਕ ਲੈ। ਇਹ ਮਾਸੂਮ ਬੱਚਾ ਜਿਹਦੀ ਉਮਰ 7 ਸਾਲ ਸੀ ਹੱਥ ਜੋੜ ਕੇ ਕਹਿਣ ਲੱਗਾ, ਬਾਬਾ ਭੋਜਨ ਛਕਣ ਨਾਲ ਸਰੀਰ ਤ੍ਰਿਪਤ ਹੁੰਦਾ ਹੈ, ਆਤਮਾ ਕਿਸ ਤਰ੍ਹਾਂ ਤ੍ਰਿਪਤ ਹੁੰਦੀ ਹੈ। ਮਨ ਨੂੰ ਤ੍ਰਿਪਤੀ ਕਿਸ ਤਰ੍ਹਾਂ ਨਸੀਬ ਹੁੰਦੀ ਹੈ। ਹੈਰਾਨ ਹੋ ਗਏ ਗੁਰੂ ਨਾਨਕ ਦੇਵ ਜੀ ਨੇ ਉਸ ਬਾਲਕ ਦੇ ਸਿਰ ’ਤੇ ਹੱਥ ਫੇਰਿਆ ਤੇ ਆਖਿਆ ਕਿ ਉਮਰ ਤਾਂ ਤੇਰੀ ਬੱਚਿਆਂ ਵਾਲੀ ਹੈ, ਪਰ ਗੱਲ ਬੁੱਢਿਆਂ ਵਾਲੀ ਕਰਦਾ ਹੈ, ਸੱਤ ਸਾਲ ਦੇ ਇਸ ਬੱਚੇ ਦਾ ਨਾਂਅ ਬਾਬਾ ਬੁੱਢਾ ਪੈ ਗਿਆ ਤੇ ਇਹ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਰਹੇ, ਛੇ ਪਾਤਸ਼ਾਹੀਆਂ ਤੱਕ। ਹਰਿਮੰਦਰ ਸਾਹਿਬ ਦਾ ਪਹਿਲਾ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਸੀ। ਪੰਜ ਪਾਤਸ਼ਾਹੀਆਂ ਨੂੰ ਤਿਲਕ ਇਸ ਨੇ ਆਪਣੇ ਹੱਥੀਂ ਲਾਇਆ। 7 ਸਾਲ ਦੀ ਉਮਰ ਹੈ ਤੇ ਗੁਰੂ ਨਾਨਕ ਦੇਵ ਜੀ ਨੇ ਕਹਿ ਦਿੱਤਾ, ਤੂੰ ਤੇ ਬਾਬਾ ਬੁੱਢਾ ਏਂ, ਭਾਵੇਂ ਤੂੰ ਬੱਚਾ ਏਂ, ਪਰ ਤੇਰੇ ਅੰਦਰ ਬਜ਼ੁਰਗੀ ਛੁਪੀ ਹੋਈ ਹੈ। ਜੇ ਇਕ ਬੱਚਾ ਬੁੱਢਾ ਹੋ ਸਕਦਾ ਹੈ ਤਾਂ ਕਈ ਬੁੱਢੇ ਬਾਬੇ, ਬੱਚੇ ਵੀ ਹੋ ਸਕਦੇ ਨੇ। ਬੇਸ਼ੁਮਾਰ ਬੁੱਢੇ ਬੱਚਿਆਂ ਵਾਲੀਆਂ ਗੱਲਾਂ ਕਰਦੇ ਨੇ। ਇਸ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਦਾ ਬੌਧਿਕ ਤੌਰ ’ਤੇ ਵਿਕਾਸ ਨਹੀਂ ਹੋਇਆ, ਸਰੀਰਕ ਤੌਰ ’ਤੇ ਵਿਕਾਸ ਹੋ ਗਿਆ, ਬੁੱਧੀ ਦਾ ਵਿਕਾਸ ਨਹੀਂ ਹੋਇਆ। ਇਸ ਵਾਸਤੇ ਬੁੱਧੀ ਵਿਚ ਬਚਪਨ ਵਾਲੇ ਵਿਚਾਰ ਅਜੇ ਵੀ ਮੌਜੂਦ ਨੇ। ਸੋ ਸੰਸਾਰ ਦੇ ਇਤਿਹਾਸ ਵਿਚ ਕੁਝ ਬੱਚੇ ਅਜਿਹੇ ਹੋਏ ਨੇ ਜੋ ਪੂਰਨ ਭਗਤ ਸਨ, ਕੁਝ ਬੱਚੇ ਅਜਿਹੇ ਪੂਰਨ ਸਿੱਖ ਹੋਏ ਨੇ, ਕੁਝ ਬੱਚੇ ਅਜਿਹੇ ਵੀ ਨੇ ਜੋ ਪੂਰਨ ਸ਼ਹੀਦ ਹੋਏ ਨੇ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਲਾਡਲੇ 9 ਸਾਲ ਦੇ ਤੇ 7

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਸਾਲ ਦੇ ਸਰਹੰਦ ਵਿਚ ਦੀਵਾਰ ਵਿਚ ਚਿਣੇ ਗਏ ਅਤੇ ਆਪਣੀ ਜਾਨ ਦੇ ਦਿੱਤੀ ਪਰ ਈਮਾਨ ਨਹੀਂ ਦਿੱਤਾ, ਧਰਮ ਨਹੀਂ ਦਿੱਤਾ, ਉਮਰ ਤੇ ਕੁਝ ਵੀ ਨਹੀਂ। ਬੜੇ-ਬੜੇ ਵੱਡੇ ਮਨੁੱਖ ਡੋਲ ਜਾਂਦੇ ਨੇ, ਇਹ ਬਾਲਕ ਨਹੀਂ ਡੋਲੇ ਤੇ ਕਹਿਣਾ ਪਏਗਾ ਅਕਲ ਇਨ੍ਹਾਂ ਦੀ ਮਹਾਨ ਸੀ, ਸੋਚਣੀ ਇਨ੍ਹਾਂ ਦੀ ਮਹਾਨ ਸੀ। ਸੰਸਾਰ ਦੇ ਇਤਿਹਾਸ ਵਿਚ ਕੁਝ ਬੱਚੇ ਐਸੇ ਵੀ ਨੇ ਜੋ ਪੂਰਨ ਸ਼ਹੀਦ ਹੋਏ ਨੇ, ਹਕੀਕਤ ਰਾਇ ਦਾ ਵੀ ਆਪਣਾ ਅਸਥਾਨ ਹੈ, ਗਿਆਰਾਂ ਸਾਲ ਦੀ ਉਮਰ ਹੈ, ਲਾਹੌਰ ਵਿਚ ਇਸ ਨੇ ਸ਼ਹਾਦਤ ਪ੍ਰਾਪਤ ਕੀਤੀ। ਸਹਿਜਧਾਰੀ ਘਰਾਣੇ ਦਾ ਇਹ ਸਪੂਤ ਸੀ, ਗੁਰੂ ਨਾਨਕ ਦੀ ਬਾਣੀ ਦਾ ਇਸ ਦੇ ਅੰਦਰ ਪਿਆਰ ਸੀ। ਸੋ ਅਸੀਂ ਦੇਖਦੇ ਹਾਂ ਕੁਝ ਬੱਚੇ ਐਸੇ ਨੇ ਜੋ ਪੂਰਨ ਸ਼ਹੀਦ ਹੋਏ ਨੇ, ਕੁਝ ਬੱਚੇ ਐਸੇ ਨੇ ਪੂਰਨ ਭਗਤ ਹੋਏ ਨੇ, ਕੁਝ ਬੱਚੇ ਐਸੇ ਨੇ ਜੋ ਪੂਰਨ ਸਿੱਖ ਹੋਏ ਨੇ, ਲੇਕਿਨ ਖਲਾ ਮੌਜੂਦ ਸੀ ਬੱਚਾ ਭਗਤ ਤੇ ਬਣ ਗਿਆ ਸੀ, ਬੱਚਾ ਸ਼ਹੀਦ ਵੀ ਹੋ ਗਿਆ ਸੀ, ਬੱਚਾ ਦਾਰਸ਼ਨਿਕ ਵੀ ਬਣ ਗਿਆ ਸੀ, ਦੂਰ-ਦ੍ਰਿਸ਼ਟਾ ਵੀ ਬਣ ਗਿਆ ਸੀ, ਲੇਕਿਨ ਬੱਚਾ ਅਜੇ ਗੁਰੂ ਨਹੀਂ ਬਣਿਆ ਸੀ। ਇਸ ਖਲਾ ਦੀ ਪੂਰਤੀ ਕਰ ਦਿੱਤੀ, ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਨੇ ਇਸ ਖਲਾ ਦੀ ਵੀ ਪੂਰਤੀ ਕਰ ਦਿੱਤੀ। ਬੱਚਾ ਭਗਤ ਵੀ ਹੋ ਸਕਦਾ, ਬੱਚਾ ਸਿੱਖ ਵੀ ਹੋ ਸਕਦਾ, ਬੱਚਾ ਸ਼ਹੀਦ ਵੀ ਹੋ ਸਕਦਾ, ਬੱਚਾ ਗੁਰੂ ਵੀ ਹੋ ਸਕਦਾ ਹੈ। ਸਰੀਰ ਦਾ ਗੁਰਿਆਈ ਨਾਲ ਕੋਈ ਮਤਲਬ ਨਹੀਂ, ਜ਼ਮੀਰ ਦਾ ਗੁਰਿਆਈ ਨਾਲ ਮਤਲਬ ਹੈ। ਜ਼ਮੀਰ ਕਿਤਨੀ ਉੱਚੀ ਹੈ, ਬੁੱਧੀ ਕਿਤਨੀ ਉਜਵਲ ਹੈ, ਆਤਮਿਕ ਬੱਲ ਕਿਤਨਾ ਮਹਾਨ ਹੈ, ਸੋ ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਇਹ ਛਾਪ ਲਾਂਦੇ ਨੇ ਕਿ ਬੰਦਗੀ, ਭਜਨ ਦਾ ਉਮਰ ਦੇ ਨਾਲ ਕੋਈ ਤੁਅੱਲਕ ਨਹੀਂ। ਪ੍ਰਮਾਤਮਾ ਦੀ ਪ੍ਰਾਪਤੀ ਵੀ ਪ੍ਰਾਪਤ ਕਰ ਸਕਦਾ ਹੈ, ਜਵਾਨ ਵੀ ਪ੍ਰਾਪਤ ਕਰ ਸਕਦਾ ਹੈ ਔਰ ਬੁੱਢਾ ਵੀ ਪ੍ਰਾਪਤ ਕਰ ਸਕਦਾ ਹੈ। ਜਿਸ ਘਰ ਵਿਚ ਛੋਟੇ-ਛੋਟੇ ਬਾਲਕ ਜਪੁਜੀ ਸਾਹਿਬ ਪੜ੍ਹ ਰਹੇ ਹੋਣ, ਸਵੇਰੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰ ਰਹੇ ਹੋਣ, ਸਮਝ ਲੈਣਾ ਚਾਹੀਦਾ ਹੈ ਕਿ ਇਸ ਘਰ ਵਿਚ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਦਾ ਰੰਗ ਮੌਜੂਦ ਹੈ, ਉਨ੍ਹਾਂ ਦੀ ਦੇਣ ਮੌਜੂਦ ਏ। ਬਚਪਨ ਤੋਂ ਹੀ ਬੰਦਗੀ ਆਰੰਭ ਕਰਨੀ ਏ, ਇਹ ਰੰਗ, ਇਹ ਜਜ਼ਬਾ, ਗੁਰੂ ਹਰਕ੍ਰਿਸ਼ਨ ਜੀ ਮਹਾਰਾਜ ਦੀ ਦੇਣ ਹੈ।



(9) ਜੋ ਖਾਕਾ ਗੁਰੂ ਨਾਨਕ ਨੇ ਚਿਤਰਿਆ ਉਸ ਵਿਚ ਨੌਵੇਂ ਗੁਰੂ ਨਾਨਕ ਗੁਰੂ ਤੇਗ ਬਹਾਦਰ ਮਹਾਰਾਜ ਜੀ ਸਾਹਿਬ ਨੇ ਤਿਆਗ ਤੇ ਬੈਰਾਗ ਦਾ ਰੰਗ ਭਰਿਆ। ਆਪ ਕਿਤਨੇ ਤਿਆਗੀ ਨੇ, ਆਪ ਗੁਰਿਆਈ, ਗੱਦੀ ਦੇ ਮਾਲਕ ਨੇ ਪਰ ਭੋਰੇ ਵਿਚ ਛੁਪ ਕੇ ਬੈਠੇ ਨੇ। ਜੋ ਗੁਰਿਆਈ ਗੱਦੀ ਦੇ ਮਾਲਕ ਨਹੀਂ ਉਹ ਬਾਹਰ ਬੈਠੇ ਗੁਰੂ ਹੋਣ ਦਾ ਦਾਅਵਾ ਪਏ ਕਰਦੇ ਨੇ। ਇਤਨੇ ਤਿਆਗੀ ਇਤਨੇ ਬੈਰਾਗੀ ਆਪ ਗੁਰੂ ਨੇ, ਹੋਂਦ ਨਹੀਂ ਪ੍ਰਗਟ ਕਰ ਰਹੇ, ਭੋਰੇ ਵਿਚ ਛੁਪੇ ਬੈਠੇ ਨੇ। ਅੱਜ ਇਕ ਐਸਾ ਸਿੱਖ ਆ ਗਿਆ ਜਿਸ ਨੂੰ ਗੁਰੂ ਦੇਖਣ ਦੀ ਜਾਚ ਸੀ। ਕਦੀ ਕਦਾਈਂ ਇਹ ਜਾਚ ਕਿਸੇ ਕੋਲ ਆਉਂਦੀ ਹੈ। ਐਸੇ ਸਿੱਖ ਤੋਂ ਸੱਚੇ ਗੁਰੂ ਦਾ ਪਤਾ ਲੱਗਦਾ, ਝੂਠੇ ਗੁਰੂ ਝੂਠੇ ਸਿੱਖਾਂ ਦੇ ਆਸਰੇ 'ਤੇ ਕਾਇਮ ਰਹਿੰਦੇ ਨੇ, ਅੱਜ ਇਕ ਸੱਚਾ ਸਿੱਖ ਆ ਗਿਆ ਇਸਨੇ ਬਾਈਆਂ ਨੂੰ ਮੱਥਾ ਤੇ ਟੇਕਿਆ ਪਰ ਸ਼ਾਂਤੀ ਨਹੀਂ ਮਿਲੀ। ਜਿਸ ਤਰ੍ਹਾਂ ਜਲਦੇ ਹੋਏ ਦੀਪਕ ਕੋਲ ਚਲੇ ਜਾਈਏ, ਰੌਸ਼ਨੀ ਆਪਣੇ-ਆਪ ਮਿਲਦੀ ਏ, ਹਿਮਾਲਿਆ 'ਤੇ ਚਲੇ ਜਾਈਏ ਤਾਂ ਠੰਢ ਮਿਲਦੀ ਹੈ, ਫੁੱਲਾਂ ਕੋਲ ਚਲੇ ਜਾਈਏ ਤਾਂ ਮਹਿਕ ਆਪਣੇ-ਆਪ ਮਿਲਦੀ ਏ। ਰੱਬ ਨਾਲ ਜੁੜੇ ਹੋਏ ਕੋਲ ਬੈਠੀਏ ਤਾਂ ਆਤਮਿਕ ਸ਼ਾਂਤੀ ਮਿਲਦੀ ਏ। "ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥" ਮੱਖਣ ਸ਼ਾਹ ਲੁਬਾਣੇ ਨੇ ਆਖਰ ਬਕਾਲੇ ਵਿਚ ਪੁਛ ਕੀਤੀ ਇਥੇ ਸੋਢੀ ਵੰਸ਼ ਦਾ ਕੋਈ ਹੋਰ ਵੀ ਰਹਿੰਦਾ ਹੈ, ਤਾਂ ਇਕ ਛੋਟੇ ਜਿਹੇ ਦੁਕਾਨਦਾਰ ਨੇ ਦੱਸਿਆ, ਹਾਂ ਉਸ ਸਾਹਮਣੇ ਭੋਰੇ ਵਿਚ ਰਹਿੰਦਾ ਏ, ਕੀ

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਨਾਂਅ ਹੈ। ਲੋਕੀ ਤੇਗਾ ਕਮਲਾ ਕਹਿੰਦੇ ਨੇ। ਪਹੁੰਚਿਆ, ਉਥੇ ਭੋਰੇ ਵਿਚ ਦਰਸ਼ਨ ਕਰਕੇ ਨਿਹਾਲ ਹੋਇਆ। ਕੋਠੇ 'ਤੇ ਚੜ੍ਹ ਕੇ ਕਹਿਣ ਲੱਗਾ, ਗੁਰੂ ਲਾਧੋ ਰੇ, ਗੁਰੂ ਲਾਧੋ ਰੇ। ਆਪ ਗੁਰੂ ਨੇ ਆਪਣੀ ਹੋਂਦ ਨੂੰ ਛੁਪਾ ਰੱਖਿਆ, ਪਰ ਅੱਜ ਕਿਸੇ ਪ੍ਰਗਟ ਕਰ ਦਿੱਤਾ ਗੁਰੂ ਨੂੰ ਤਾਂ ਗੁਰੂ ਨੇ ਆਪਣੇ ਆਪ ਨੂੰ ਚਾਂਦਨੀ ਚੌਕ ਵਿਚ ਕੁਰਬਾਨ ਕਰ ਦਿੱਤਾ। ਤਿਆਗੀ ਇਤਨੇ ਕਿ ਆਪਣੀ ਹੋਂਦ ਨੂੰ ਛੁਪਾ ਕੇ ਰੱਖਿਆ, ਪਰ ਹੋਂਦ ਜਦ ਪ੍ਰਗਟ ਹੋ ਗਈ ਤਾਂ ਆਪਣੇ-ਆਪ ਨੂੰ ਦੇਸ਼ ਅਤੇ ਧਰਮ ਤੋਂ ਕੁਰਬਾਨ ਕਰ ਛੱਡਿਆ। ਆਪਣੇ ਸਵਾਸਾਂ ਦੀ ਡੋਰੀ ਨੂੰ ਤੋੜ ਕੇ ਆਪਣੇ ਹਿੰਦੁਸਤਾਨੀਆਂ ਦੇ ਜਨੇਊ ਦੀ ਡੋਰੀ ਨੂੰ ਮਜ਼ਬੂਤ ਕੀਤਾ। ਆਪਣਾ ਖ਼ੂਨ ਡੋਲ੍ਹ ਕੇ ਆਪ ਨੇ ਹਿੰਦੁਸਤਾਨੀਆਂ ਦੇ ਮੱਥੇ ਦਾ ਤਿਲਕ ਬਣਾਇਆ। ਇਹ ਗੁਰੂ ਤੇਗ ਬਹਾਦਰ ਮਹਾਰਾਜ ਸਾਹਿਬ ਦੀ ਦੇਣ ਹੈ, ਜਿਸ ਸਿੱਖ ਦੇ ਅੰਦਰ ਤਿਆਗ ਦੀ ਭਾਵਨਾ ਨਹੀਂ, ਵੈਰਾਗ ਦੀ ਝਲਕ ਨਹੀਂ, ਸਮਝ ਲੈਣਾ ਚਾਹੀਦਾ, ਉਸ ਸਿੱਖ ਦੇ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਰੰਗ ਨਹੀਂ ਹੈ। ਤਿਆਗ ਤੇ ਵੈਰਾਗ ਦੀ ਛਾਪ ਲਾ ਕੇ ਤਸਵੀਰ ਮੁਕੰਮਲ ਹੋ ਗਈ, ਜਿਸ ਦੀ ਕਲਪਨਾ ਗੁਰੂ ਨਾਨਕ ਨੇ ਕੀਤੀ ਸੀ, ਜਿਸ ਦਾ ਖਾਕਾ ਗੁਰੂ ਨਾਨਕ ਨੇ ਚਿਤਰਿਆ ਸੀ।



(10) ਇਤਿਹਾਸ ਦਾ ਅਧਿਐਨ ਕਰੀਏ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਕੋਈ ਹੋਰ ਰੰਗ ਨਹੀਂ ਭਰਿਆ। ਆਮ ਕਹਾਵਤ ਹੈ ਬੀਰਰਸ ਦਾ ਰੰਗ ਭਰਿਆ। ਨਹੀਂ ਬੀਰਰਸ ਦਾ ਰੰਗ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਰ ਹੀ ਦਿੱਤਾ ਸੀ। ਦਰਅਸਲ ਤਸਵੀਰ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਮੁਕੰਮਲ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਸ ਨੂੰ ਫਰੇਮ ਕੀਤਾ ਹੈ, ਇਹ ਤਸਵੀਰ ਫਟੇ ਨਾ, ਟੁੱਟੇ ਨਾ, ਮੈਲੀ ਨਾ ਹੋਵੇ, ਜ਼ਾਇਆ ਨਾ ਹੋਵੇ। ਇਸ ਨੂੰ ਫਰੇਮ ਕਰਨਾ ਬੜਾ ਲਾਜ਼ਮੀ ਸੀ, ਇਸ ਨੂੰ ਸ਼ੀਸ਼ੇ ਵਿਚ ਮੜ੍ਹਨਾ ਬੜਾ ਲਾਜ਼ਮੀ ਸੀ। ਫਰੇਮ ਵਿਚ ਲਗਭਗ ਪੰਜ ਚੀਜ਼ਾਂ ਦੀ ਲੋੜ ਪੈਂਦੀ ਹੈ। ਇਕ ਤਾਂ ਚੌਖਟਾ, ਚਾਰ ਲੱਕੜਾਂ ਦਾ ਚੌਖਟਾ, ਤੇ ਇਕ ਸ਼ੀਸ਼ਾ, ਪੰਜ ਚੀਜ਼ਾਂ ਦੀ ਲੋੜ ਪੈਂਦੀ ਏ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਪੰਜ ਰਹਿਤਾਂ ਜੋ ਦਿੱਤੀਆਂ, ਉਸ ਤਸਵੀਰ ਨੂੰ ਫਰੇਮ ਕਰ ਛੱਡਿਆ, ਜੜ੍ਹ ਦਿੱਤਾ ਔਰ ਜਦ ਤਸਵੀਰ ਇਨ੍ਹਾਂ ਰਹਿਤਾਂ ਦੇ ਫਰੇਮ ਵਿਚ ਜੜੀ ਗਈ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਸਵੈ ਸਜਦਾ ਕੀਤਾ, ਆਪ ਨੇ ਖ਼ੁਦ ਮੱਥਾ ਟੇਕਿਆ। ਸਿੱਖ ਦੇ ਅੱਗੇ ਸਜਦਾ ਕੀਤਾ, ਸਵੈ ਮੱਥਾ ਟੇਕਿਆ। ਆਖਿਆ ਇਹ ਤਸਵੀਰ ਮੁਕੰਮਲ ਹੋ ਗਈ, ਪੂਰਨ ਹੋ ਗਈ ਔਰ ਇਸ ਤਸਵੀਰ ਨੂੰ ਟੰਗਿਆ ਆਪ ਨੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਆਧਾਰ ਬਣਾ ਕੇ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਆਸਰੇ ਤੇ ਫ਼ੁਰਮਾਨ ਕੀਤਾ ਕਿ ਐ ਸਿੱਖ ਜੇ ਤੂੰ ਬਾਣੀ ਨਾਲ ਜੁੜਿਆ ਰਹੇਂਗਾ, ਬਾਣੇ ਨਾਲ ਵੀ ਜੁੜਿਆ ਰਹੇਂਗਾ; ਜੇ ਤੂੰ ਅੰਮ੍ਰਿਤ ਵੇਲੇ ਨਾਲ ਜੁੜਿਆ ਰਿਹਾ ਤਾਂ ਅੰਮ੍ਰਿਤ ਨਾਲ ਵੀ ਜੁੜਿਆ ਰਹੇਂਗਾ, ਇਹ ਮੇਰੇ ਪਾਤਸ਼ਾਹ ਦੀ ਮਹਾਨ ਦੇਣ ਹੈ। ਜਿਸ ਦਿਨ ਆਪ ਹਜ਼ੂਰ ਸਾਹਿਬ ਵਿਚ ਜੋਤੀ ਜੋਤ ਸਮਾਉਣ ਲੱਗੇ ਨੇ ਤਾਂ ਆਲੇ ਦੁਆਲੇ ਸਿੱਖਾਂ ਨੇ ਖੜ੍ਹੇ ਹੋ ਕੇ ਬਿਨੈ ਕੀਤੀ-ਪਾਤਸ਼ਾਹ ਸਾਨੂੰ ਕਿਸ ਦੇ ਲੜ ਲਾ ਚੱਲੇ ਓ, ਸਾਡਾ ਕੌਣ ਮੁਹਾਫ਼ਿਜ਼, ਅਸੀਂ ਕਿਸ ਦੇ ਨਕਸ਼ੇ-ਕਦਮਾਂ 'ਤੇ ਚੱਲਾਂਗੇ ਤਾਂ ਸਾਹਿਬ ਫ਼ੁਰਮਾਨ ਕਰਨ ਲੱਗੇ, ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਪ੍ਰੇਰਨਾ ਲੈਣੀ ਹੈ। ਰਾਜਨੀਤਕ ਤੌਰ 'ਤੇ, ਸਮਾਜਿਕ ਤੌਰ 'ਤੇ, ਧਾਰਮਿਕ ਤੌਰ 'ਤੇ, ਤੁਹਾਡੀ ਰਹਿਬਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕਰਨਗੇ। ਤਾਂ ਸਿੱਖਾਂ ਨੇ

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਬੇਨਤੀ ਕੀਤੀ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਤੁਹਾਡੇ ਵਿਚਾਰ ਨੇ, ਤੁਹਾਡੀ ਜੋਤ ਹੈ, ਤੁਹਾਡਾ ਫਿਲਸਫਾ ਹੈ, ਤੁਹਾਡਾ ਗਿਆਨ ਹੈ। ਕਦੀ ਸਾਡਾ ਦਿਲ ਕਰੇ ਤੁਹਾਡਾ ਤਨ ਵੇਖਣਾ, ਤੁਹਾਡਾ ਸਰੀਰ ਵੇਖਣਾ, ਫਿਰ ਅਸੀਂ ਕਿੱਥੇ ਜਾਵਾਂਗੇ, ਕਿਹੜੇ ਪਾਸੇ ਜਾਵਾਂਗੇ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਉਥੇ ਅਗਾਮੀ ਵਚਨ ਹਨ :- "ਸਿਖ ਸੁ, ਰਹਿਤ ਪੰਚ ਜੋ ਮਿਲੈ, ਮਮ ਸਰੂਪ ਸੋ ਜਾਨਹੁ ਭਲੇ ਸਿਖ ਪੰਚਹੁ ਮੈਂ ਮੇਰੋ ਵਾਸਾ ਪੂਰਨ ਕਰਹੁ ਧਰਹੁ ਜਿਹ ਆਸਾ॥" ਪੰਜ ਰਹਿਤਵਾਨ ਸਿੱਖ ਜੇ ਕਿਧਰੇ ਮਿਲ ਜਾਣ, ਜਿਨ੍ਹਾਂ ਦੇ ਤਨ ਦੇ ਉੱਤੇ ਪੰਜ ਕਕਾਰ ਹੋਵਣ, ਜਿਨ੍ਹਾਂ ਦੇ ਹਿਰਦੇ ਵਿਚ ਪੰਜ ਬਾਣੀਆਂ ਦਾ ਪਾਠ ਹੋਵੇ, ਜਿਨ੍ਹਾਂ ਦੇ ਕੰਠ ਵਿਚ ਮੂਲ ਮੰਤਰ ਵਸਿਆ ਹੋਵੇ, ਜਿਨ੍ਹਾਂ ਦੀ ਰਸਨਾ ਉੱਤੇ ਗੁਰੂ ਦਾ ਮੰਤਰ ਹੋਵੇ, ਐਸੇ ਪੰਜਾਂ ਦੇ ਅਗਰ ਦਰਸ਼ਨ ਹੋ ਜਾਣ ਤਾਂ ਸਾਹਿਬ ਕਹਿਣ ਲੱਗੇ, ਇਹ ਮੇਰੇ ਹੀ ਦਰਸ਼ਨ ਹੋਣਗੇ। ਐ ਸਿੱਖ ਨਿਸਚੈ ਜਾਣ ਅੱਜ ਮੈਂ ਹੀ ਤੈਨੂੰ ਮਿਲਿਆ, ਅਗਰ ਐਸੇ ਦਰਸ਼ਨ ਤੈਨੂੰ ਨਸੀਬ ਹੋ ਜਾਣ। ਸਿੱਖ ਬੜੇ ਸਿਆਣੇ ਸਨ ਹੱਥ ਜੋੜ ਕੇ ਬੇਨਤੀ ਕਰਨ ਲੱਗੇ, ਪਾਤਸ਼ਾਹ ਕਿਸੇ ਅਜਿਹੇ ਸ਼ਹਿਰ, ਕਿਸੇ ਅਜਿਹੇ ਪਿੰਡ ਵਿਚ, ਅਜਿਹੇ ਕਸਬੇ ਵਿਚ ਸਾਡਾ ਵਾਸਾ ਹੋਵੇ, ਰਹਿਣਾ ਹੋਵੇ, ਤੇ ਪੰਜਾਂ ਦੇ ਦਰਸ਼ਨ ਨਾ ਹੋਣ ਤੇ ਤੁਹਾਡਾ ਤਨ ਦੇਖੇ ਬਿਨਾਂ ਤੁਹਾਡਾ ਸਰੀਰ ਦੇਖੇ ਬਿਨਾਂ ਸਾਨੂੰ ਚੈਨ ਨਾ ਮਿਲੈ ਫਿਰ ਅਸੀਂ ਕੀ ਕਰੀਏ ? ਬੜੀ ਲੰਮੀ ਸੋਚ ਤੋਂ ਬਾਅਦ ਮੇਰੇ ਪਾਤਸ਼ਾਹ ਕਹਿਣ ਲੱਗੇ ਅੱਛਾ ਇਕ ਵੀ ਮਿਲੇ, ਜਿਹਦੇ ਤਨ ਦੇ ਉਤੇ ਪੰਜ ਕਰਾਰ ਹੋਵਣ ਜਿਸ ਦੀ ਰਸਨਾ ਉੱਤੇ ਗੁਰੂ ਦਾ ਮੰਤਰ ਹੋਵੇ, ਜਿਹਦੇ ਕੰਠ ਵਿਚ ਮੂਲ ਮੰਤਰ ਹੋਵੇ, ਜਿਹਦੇ ਹਿਰਦੇ ਵਿਚ ਬਾਣੀ ਦਾ ਵਾਸਾ ਹੋਵੇ, ਸਮਝ ਲੈਣਾ ਚਾਹੀਦਾ ਅੱਜ ਮੇਰੇ ਹੀ ਦਰਸ਼ਨ ਹੋਏ ਨੇ, ਅੱਜ ਮੈਂ ਹੀ ਮਿਲਿਆ ਹਾਂ। ਲੇਕਿਨ ਸਿੱਖ ਇਸ ਦੇ ਨਾਲ ਵੀ ਸੰਤੁਸ਼ਟ ਨਾ ਹੋਏ। ਹੱਥ ਜੋੜ ਕੇ ਬੇਨਤੀ ਕਰਨ ਲੱਗੇ-ਪਾਤਸ਼ਾਹ ਜੇ ਇਕ ਵੀ ਨਾ ਮਿਲਿਆ ਤਾਂ ਫਿਰ ਐਸੇ ਸ਼ਹਿਰ ਵਿਚ ਐਸੇ ਮੁਲਕ ਵਿਚ ਸਾਡਾ ਵਾਸਾ ਹੋਵੇ, ਇਸ ਤਰ੍ਹਾਂ ਇਕ ਦੇ ਵੀ ਦਰਸ਼ਨ ਨਾ ਹੋਵਣ ਫਿਰ ਕੀ ਕਰੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਹਾ ਐ ਸਿੱਖ ਤੈਨੂੰ ਦੂਰ ਜਾਣ ਦੀ ਲੋੜ ਨਹੀਂ, ਤੈਨੂੰ ਭਟਕਣ ਦੀ ਲੋੜ ਨਹੀਂ, ਤੂੰ ਅੰਮ੍ਰਿਤ ਵੇਲੇ ਉੱਠੀਂ ਪੰਜ ਬਾਣੀਆਂ ਦਾ ਪਾਠ ਕਰੀਂ, ਗੁਰੂ ਮੰਤਰ ਦਾ ਜਾਪ ਕਰੀਂ, ਮੂਲ ਮੰਤਰ ਦਾ ਜਾਪ ਕਰੀਂ, ਤਨ ਦੇ ਉੱਤੇ ਰਹਿਤਾਂ ਸਜਾਈਂ, ਜਿਉਂ ਸ਼ੀਸ਼ੇ ਵਿਚ ਆਪਣਾ ਮੁਖੜਾ ਵੇਖੇਂਗਾ ਉਹ ਮੁੱਖੜਾ ਵੀ ਮੇਰਾ ਹੀ ਹੋਵੇਗਾ। ਤੈਨੂੰ ਭਟਕਣ ਦੀ ਲੋੜ ਨਹੀਂ। ਮੇਰੀ ਆਤਮਾ ਦੇ ਦਰਸ਼ਨ ਕਰਨੇ ਨੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੀਂ। ਮੇਰੇ ਸਰੀਰ ਦੇ ਦਰਸ਼ਨ ਕਰਨੇ ਨੇ ਤਾਂ ਆਪਣਾ ਮੁੱਖੜਾ ਵੇਖੀਂ। ਮੈਂ ਆਪਣੀ ਸੂਰਤ ਆਪਣੀ ਸ਼ਕਲ ਤੈਨੂੰ ਦੇ ਦਿੱਤੀ ਏ, ਸਾਹਿਬਾਂ ਦਾ ਸਾਫ ਫੁਰਮਾਨ ਹੈ :-"ਖ਼ਾਲਸਾ ਮੇਰੋ ਰੂਪ ਹੈ ਖਾਸ। ਖ਼ਾਲਸੇ ਮਹਿ ਹਉਂ ਕਰੌਂ ਨਿਵਾਸ।" ਸਰੀਰ ਕਰਕੇ ਗੁਰੂ, ਗੁਰੂ ਖਾਲਸਾ ਏ, ਜ਼ਮੀਰ ਕਰਕੇ ਗੁਰੂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੇ। ਇਸ ਵਾਸਤੇ ਕਹਾਵਤ ਪ੍ਰਚਲਤ ਹੋ ਗਈ, ਗੁਰੂ ਗ੍ਰੰਥ ਤੇ ਗੁਰੂ ਪੰਥ, ਗੁਰੂ ਪੰਥ ਦਾ ਸਰੀਰ ਹੈ, ਗੁਰੂ ਗ੍ਰੰਥ ਗੁਰੂ ਦੀ ਆਤਮਾ ਏ। ਜੈਸੇ ਬੁਨਿਆਦ, ਬਿਨਾਂ ਮਕਾਨ ਤੋਂ ਵੀ ਹੋ ਸਕਦੀ ਏ, ਪਰ ਮਕਾਨ, ਬਿਨਾਂ ਬੁਨਿਆਦ ਤੋਂ ਨਹੀਂ ਹੋ ਸਕਦਾ, ਜੜ੍ਹਾਂ ਤਾਂ ਦਰੱਖਤ ਤੋਂ ਬਿਨਾਂ ਹੋ ਸਕਦੀਆਂ ਹਨ, ਪਰ ਦਰੱਖਤ ਬਿਨ੍ਹਾਂ ਜੜ੍ਹਾਂ ਤੋਂ ਨਹੀਂ ਹੋ ਸਕਦਾ। ਗੁਰੂ ਤਾਂ, ਬਿਨਾਂ ਸਿੱਖ ਤੋਂ ਵੀ ਹੋ ਸਕਦਾਏ ਏ, ਪਰ ਸਿੱਖ ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ। ਸੋ ਗੁਰੂ ਗ੍ਰੰਥ ਗੁਰੂ ਦੀ ਆਤਮਾ ਅਤੇ ਗੁਰੂ ਪੰਥ ਵਿਚ ਸਰੀਰ ਹੈ। ਆਤਮਾ ਸਰੀਰ ਤੋਂ ਬਿਨਾਂ ਵੀ ਰਹਿ ਸਕਦੀ ਏ, ਪਰ ਸਰੀਰ ਆਤਮਾ ਤੋਂ ਬਿਨਾਂ ਨਹੀਂ ਰਹਿ ਸਕਦਾ। ਗੁਰੂ ਦੀ ਆਤਮਾ ਹੈ ਗੁਰੂ ਗ੍ਰੰਥ, ਗੁਰੂ ਦਾ ਸਰੀਰ ਹੈ ਗੁਰੂ ਦਾ ਪੰਥ। ਗੁਰੂ ਦੇ ਪੰਥ ਦੇ ਦਰਸ਼ਨ ਗੁਰੂ ਦੇ ਦਰਸ਼ਨ ਨੇ। ਸਾਹਿਬਾਂ ਨੇ ਮਾਣ ਨਾਲ ਕਹਿ ਦਿੱਤਾ :- ਖਾਲਸਾ ਮੇਰਾ ਆਪਣਾ ਰੂਪ ਹੈ, ਖਾਸ ਰੂਪ ਹੈ ਔਰ ਖਾਲਸਾ ਸਰੀਰ ਕਰਕੇ ਗੁਰੂ ਹੈ। ਖਾਲਸਾ ਗੁਰੂ ਹੈ, ਗੁਰੂ ਖਾਲਸਾ ਕਹੂੰ ਮੈਂ ਅਬ ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਉ, ਸੰਕਾ ਨਾ ਕੀਜੈ, ਸਾਵਧਾਨ ਹੋ ਲੀਜੈ ਅਬ ਅੰਮ੍ਰਿਤ ਛਕਾਓ ਜੈਸੇ ਤੁਮ ਲੀਨਿਓ, ਜਦ ਸਿੱਖ ਦੇ ਬਾਰੇ ਮੇਰੇ ਪਾਤਸ਼ਾਹ ਨੇ ਇਤਨੀ ਸਿਫਤ ਸਲਾਹ ਕੀਤੀ- ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥ ਤੇਰਾ ਸਦਕਾ ਹੀ ਮੈਂ ਸਜਿਆ, ਦਰਅਸਲ ਕੋਈ ਚੰਗਾ ਬੱਚਾ ਹੋਵੇ ਉਹਨੂੰ ਵੇਖ ਕੇ ਕਹਿਣਾ ਪੈਂਦਾ ਕਿ ਇਹਦੀ ਮਾਂ ਧੰਨ ਹੈ, ਇਹਦਾ ਪਿਤਾ ਧੰਨ ਹੈ, ਕਿਉਂਕਿ ਬੱਚਾ ਖੁਸ਼ਪੈਸ਼ ਹੈ, ਖੁਸ਼ਮਿਜ਼ਾਜ ਹੈ, ਚੰਗੀ ਤਬੀਅਤ ਦਾ ਮਾਲਕ ਹੈ। ਚੰਗੇ ਸਿੱਖਾਂ ਨੂੰ ਵੇਖ ਕੇ ਦੇਖ ਕੇ ਗੁਰੂ ਦੀ ਮਹਿਮਾ ਵਧਦੀ ਹੈ। ਸਾਹਿਬ ਕਹਿੰਦੇ ਨੇ ਤੂੰ ਤਾਂ ਮੈਨੂੰ ਸਜਾ ਛੱਡਿਆ, ਤੂੰ ਮੈਨੂੰ ਮਹਾਨ ਬਣਾ ਛੱਡਿਆ,

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com

ਤੇ ਜਾਪਦਾ ਕਿਸੇ ਨੇ ਸ਼ੰਕਾ ਪ੍ਰਗਟ ਕੀਤਾ ਕਿ ਕਿਧਰੇ ਖੁਸ਼ਾਮਦ ਤਾਂ ਨਹੀਂ, ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਥੇ ਮਾਣ ਨਾਲ ਕਹਿ ਦਿੱਤਾ–"ਜਾ ਮੈਂ ਰੰਚ ਨਾ ਮਿਥਿਆ ਭਾਖੀ॥ ਪਾਰਬ੍ਰਹਮ ਗੁਰੂ ਨਾਨਕ ਸਾਖੀ॥" ਮੈਂ ਪਾਰਬ੍ਰਹਮ ਗੁਰੂ ਨਾਨਕ ਨੂੰ ਸਾਖੀ ਜਾਣ ਕੇ ਕਹਿਨਾ, ਤੂੰ ਮੇਰਾ ਰੂਪ ਹੈਂ, ਮੈਂ ਤੇਰਾ ਰੂਪ ਹਾਂ। ਜੈਸੇ ਨਦੀ ਦੀ ਮੰਜ਼ਲ ਹੈ ਸਾਗਰ, ਸਿੱਖ ਦੀ ਮੰਜ਼ਿਲ ਹੈ ਗੁਰੂ, ਜਦ ਸਿੱਖ ਗੁਰੂ ਤੱਕ ਪਹੁੰਚ ਜਾਂਦਾ, ਮੰਜ਼ਿਲ ਮਕਸੂਦ ਤੱਕ ਪਹੁੰਚ ਜਾਂਦਾ। ਕਿਹੜਾ ਸਿੱਖ ਗੁਰੂ ਤੱਕ ਪਹੁੰਚ ਜਾਂਦਾ ਜਿਸ ਨੂੰ ਵੇਖਦਿਆਂ ਗੁਰੂ ਯਾਦ ਆਵੇ, ਜਿਸ ਸਿੱਖ ਨੂੰ ਵੇਖਦਿਆਂ ਪ੍ਰਮਾਤਮਾ ਯਾਦ ਆਵੈ

"ਸਿੱਖ ਗੁਰੂ, ਗੁਰੂ ਸਿੱਖ ਹੈ, ਨਾਨਕ ਭੇਦ ਨਾ ਭਾਈ।"



# ਵਾਹਿਗੁਰੂ ਜੀ ਕਾ ਖਾਲਸਾ॥
# ਵਾਹਿਗੁਰੂ ਜੀ ਕੀ ਫਤਿਹ॥

********

GURBANI
LISTEN FM
24HRS INTERNET RADIO
**www.gurbanifm.com**

www.punjabiherald.co.nz

For New Zealand Local News: **www.punjabiherald.co.nz**
**For Shabad Gurbani:** www.gurbanifm.com